ਜੂਨ 2006

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਅੰਮ੍ਰਿਤ ਕੀਰਤਨ
ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 6 • ਸਾਲ ਅਠਾਰਵਾਂ • ਜੂਨ 2006

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 09814053630

e-mail : drjagirsingh@gmail.com
Website : www.amritkirtan.org

| | |
|---|---|
| **ਮਿਤ੍ਰ ਅਸਾਡੜੇ ਸੇਈ** | 2 |
| *ਪਾਠਕਾਂ ਦੇ ਪੱਤਰ* | |
| **ਕਰਉ ਬੇਨੰਤੀਆ** | 3 |
| *ਸੰਪਾਦਕੀ* | |
| **ਇਕ ਅਲੌਕਿਕ ਕੀਰਤਨ ਦਰਬਾਰ** | 4 |
| *ਭਾਈ ਵੀਰ ਸਿੰਘ* | |
| **ਨਾਦ** | 7 |
| *ਭਾਈ ਕਰਮ ਸਿੰਘ ਰਤਨ* | |
| **ਸਨਮਾਨ ਪੱਤਰ- 'ਸਿੰਘ ਬੰਧੂ' ਸ. ਸੁਰਿੰਦਰ ਸਿੰਘ ਜੀ** | 10 |
| *ਡਾ. ਗੁਰਨਾਮ ਸਿੰਘ* | |
| **ਸਿਫਤ ਸਲਾਹ, ਨਾਮ ਤੇ ਅਨਹਦ ਸ਼ਬਦ** | 11 |
| *ਸੋਹਣ ਸਿੰਘ* | |
| **ਸ਼ਬਦ ਤੇ ਪੱਥਰ ਦੀ ਗੁਫਤਗੂ** | 15 |
| *ਮਨਮੋਹਨ ਸਿੰਘ ਦਾਊਂ* | |
| **ਗੁਰਮਤਿ ਸੰਗੀਤ - ਸੰਭਾਲ ਤੇ ਪ੍ਰਸਾਰ-2** | 16 |
| **ਮਨਮੋਹਨ ਸਿੰਘ ਦਾਊਂ ਰਚਿਤ ਜ਼ਿੰਦਗੀ ਦਾ ਸੱਚ** | 17 |
| *ਕਰਨੈਲ ਸਿੰਘ ਸੋਮਲ* | |
| **Kirtan** | 18 |
| *Harbinder Singh* | |
| **Tradition of Melody & Music in Sikh Religion** | 19 |
| *Dr. Ajit Singh Panipat* | |
| **ਸੁਰ ਲਿਪੀ** | 22 |
| *ਹਰਦੀਪ ਕੌਰ* | |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** | 23 |
| *ਹਰਦੀਪ ਕੌਰ* | |

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਵਾਹਿਗੁਰੂ ਤੁਹਾਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰੱਖੇ ਤੇ ਤੁਸੀਂ ਪੰਥ ਦੀ ਸੇਵਾ ਕਰਦੇ ਹੋ। ਤੁਸੀਂ ਬੜੀ ਹੀ ਨੇਕ ਸੇਵਾ ਕਰ ਰਹੇ ਹੋ ਤੇ ਅੰਮ੍ਰਿਤ ਕੀਰਤਨ ਮੈਗਜ਼ੀਨ ਦੀ ਪ੍ਰੇਰਨਾ ਸਦਕਾ ਹੈ ਅੱਜ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਰਾਗਾਂ ਵਿਚ ਤੇ ਹੁਣ ਤੰਤੀ ਸਾਜ਼ਾਂ ਤੇ ਵੀ ਸ਼ੁਰੂ ਹੋ ਰਿਹਾ ਹੈ। ਅੱਜ ਸਵੇਰੇ ਬਸੰਤ ਰਾਗ ਤੰਤੀ ਸਾਜ਼ਾਂ ਵਿਚ ਸੁਣ ਕੇ ਬੜਾ ਹੀ ਅਨੰਦ ਆਇਆ। ਤੁਹਾਡਾ ਕੀਰਤਨ ਸਦਾ ਯਾਦ ਕਰਦੇ ਹਾਂ। ਪਹਿਲੀ ਵਾਰ ਜਦੋਂ ਤੁਹਾਡਾ ਕੀਰਤਨ ਚੰਡੀਗੜ੍ਹ ਅੱਠ ਸੈਕਟਰ ਦੇ ਪੁਰਾਣੇ ਗੁਰਦੁਆਰੇ ਵਿਚ ਸੁਣਿਆ ਸੀ ਸਦਾ ਯਾਦ ਰਹਿੰਦਾ ਹੈ।

*ਗੁਰਬਚਨ ਕੌਰ, ਸੋਹਨ ਸਿੰਘ*

*ਏ-202, ਸ਼ਿਲਾਲੇਖ, ਸ਼ਾਹੀ ਬਾਗ, ਅਹਿਮਦਾਬਾਦ*

♦ ਮਈ ਦਾ ਅੰਕ ਬੇਹੱਦ ਪਸੰਦ ਆਇਆ। ਡਾ. ਗੁਲਜ਼ਾਰ ਸਿੰਘ ਕੰਗ ਦਾ ਲੇਖ ਸ਼ਬਦ ਅਤੇ ਸੰਗੀਤ : ਗੁਰਮਤਿ ਪਰਪੇਖ, ਜਥੇਦਾਰ ਅਵਤਾਰ ਸਿੰਘ ਜੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਰਧਾਰਤ ਰਾਗਾਂ ਅਨੁਸਾਰ ਹੀ ਕੀਰਤਨ ਹੋਵੇ, ਬਹੁਤ ਚੰਗੇ ਵੀਚਾਰ ਹਨ। ਪ੍ਰੋ: ਕਰਤਾਰ ਸਿੰਘ ਵਲੋਂ ਰਾਗ ਵਿਵਰਨ-ਰਾਗ ਸੋਰਠਿ ਬਾਰੇ ਬਹੁਤ ਹੀ ਖੋਜ ਭਰਪੂਰ ਸੀ। ਭਾਈ ਚਰਨਜੀਤ ਸਿੰਘ ਮਲੇਸ਼ੀਆ/ਮਲੌਟ ਵਾਲੇ ਅਤੇ ਭਾਈ ਬਲਬੀਰ ਸਿੰਘ ਲਹਿਰੀ ਬਾਰੇ ਜਾਣਕਾਰੀ, ਰਬਾਬਾਂ ਦੀਆਂ ਧੁਨ ਅਲੋਪ ਹੋ ਰਹੀਆਂ ਹਨ - ਭਾਈ ਲਾਲ 17 ਭਾਰਤੀ ਭਾਸ਼ਾਵਾਂ ਦਾ ਸੰਗੀਤ ਅਧਿਆਪਕ ਅੰਮ੍ਰਿਤਪਾਲ ਸਿੰਘ ਜੀ ਬਾਰੇ ਜਾਣਕਾਰੀ ਬੇਹੱਦ ਪਸੰਦ ਆਈ। ਡਾ. ਗੁਰਮੀਤ ਸਿੰਘ ਬੈਦਵਾਨ ਵਲੋਂ ਅਨੁੱਠੀ ਅਧਿਆਤਮਕ ਕਥਾ ਬੈਠਿ ਖਡੂਰੇ ਜੋਤਿ ਜਗਾਈ ਲੇਖ ਖੋਜ ਭਰਪੂਰ ਸੀ।

*ਪ੍ਰੋ: ਮੰਗਤ ਸਿੰਘ ਮਸਤਾਨਾ*

**ਪ੍ਰੈਸ ਸਕੱਤਰ ਗੁਰਮਤਿ ਰਾਗੀ ਸਭਾ**

ਮਾਰਫਤ ਸੰਗਮ ਰੇਡੀਓ ਅਤੇ ਟੀਵੀ ਕਾਲਜ, ਮਲੌਟ

## ਕਰਉ ਬੇਨੰਤੀਆ

### ਨਵੀਆਂ ਸੰਭਾਵਨਾਵਾਂ

ਪਿਛਲੇ ਦਿਨੀਂ ਗੁਰਦੁਆਰਾ ਸਿੰਘ ਸਭਾ ਡਿਫੈਂਸ ਕਾਲੋਨੀ ਨਵੀਂ ਦਿੱਲੀ ਵਿਖੇ ਵਿਸਾਖੀ ਦੇ ਸਮਾਗਮ ਤੇ ਕੀਰਤਨ ਕਰਨ ਲਈ ਗਿਆ ਸਾਂ। ਇਸ ਗੁਰਦੁਆਰੇ ਦੇ ਪ੍ਰਬੰਧ ਵਿਚ ਨਵੀਨਤਾ ਵੇਖ ਕੇ ਮਨ ਪ੍ਰਸੰਨ ਹੋ ਗਿਆ। ਇਸ ਗੁਰਦੁਆਰੇ ਦੇ ਸਕੱਤਰ ਇਕ ਬੀਬੀ ਜੀ ਹਨ ਜਿਨ੍ਹਾਂ ਦਾ ਨਾਂ ਸਾਰੇ ਪ੍ਰੀਤੀ ਆਹੂਜਾ ਲੈ ਰਹੇ ਸਨ। ਉਹ ਆਮ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਾਂਗ ਕੋਈ ਅਫਸਰੀ ਨਹੀਂ ਸੀ ਕਰ ਰਹੇ ਸਗੋਂ ਹਰ ਕੰਮ ਸੇਵਾਦਾਰਾਂ ਵਾਂਗ ਕਰ ਰਹੇ ਸਨ।

ਇਸ ਦਿਨ ਵਿਸ਼ੇਸ਼ ਸਮਾਗਮ ਵਿਚ ਮਰਿਯਾਦਾ ਦਾ ਕਾਫੀ ਹਿੱਸਾ ਬੱਚੇ ਨਿਭਾ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬੱਚਿਆਂ ਨੇ ਕੀਤਾ, ਪਾਠ, ਲੈਕਚਰ, ਕੀਰਤਨ, ਪ੍ਰਸ਼ਾਦ ਵਰਤਾਉਣਾ ਆਦਿ ਕਾਰਜ ਵੀ ਬੱਚੇ ਕਰ ਰਹੇ ਸਨ। ਇਹ ਵੀ ਪਤਾ ਲੱਗਾ ਇਸ ਸਾਰੇ ਕੁਝ ਦੀ ਸਿਖਲਾਈ ਗੁਰਦੁਆਰੇ ਦੇ ਗ੍ਰੰਥੀ, ਰਾਗੀ ਅਤੇ ਸੇਵਾਦਾਰ ਹੀ ਬੱਚਿਆਂ ਨੂੰ ਦਿੰਦੇ ਹਨ। ਇਹ ਸਿਖਲਾਈ ਦਿੰਦਿਆਂ ਸਾਰੇ ਖੁਸ਼ੀ ਮਹਿਸੂਸ ਕਰਦੇ ਹਨ। ਜਿਨ੍ਹਾਂ ਦੇ ਬੱਚੇ ਇਨ੍ਹਾਂ ਕਾਰਜਾਂ ਵਿਚ ਹਿੱਸਾ ਲੈ ਰਹੇ ਸਨ ਉਹ ਮਾਪੇ ਵੀ ਖੁਸ਼ੀ ਵਿਚ ਖੀਵੇ ਹੋ ਰਹੇ ਸਨ।

ਇਸ ਸਾਲ ਕਾਲੋਨੀ ਦੇ ਜਿਹਨਾਂ ਬੱਚਿਆਂ ਨੇ ਵਿਸ਼ੇਸ਼ ਪ੍ਰਾਪਤੀਆਂ ਉਨ੍ਹਾਂ ਨੂੰ ਸਾਰੀ ਸੰਗਤ ਵਿਚ ਸਨਮਾਨਿਤ ਕੀਤਾ ਗਿਆ। ਇਸ ਨਾਲ ਬੱਚਿਆਂ ਦਾ ਗੁਰਦੁਆਰੇ ਪ੍ਰਤੀ ਲਗਾਉ ਵਧਦਾ ਨਜ਼ਰ ਆ ਰਿਹਾ ਸੀ। ਇਸ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਦੇ ਸਟਾਫ ਨੂੰ ਪਿਆਰ ਨਾਲ ਸੇਵਾ ਕਰਨ ਕਰਕੇ ਵਿਸ਼ੇਸ਼ ਸਨਮਾਨ ਦਿੱਤੇ ਗਏ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਦੀ ਬਚਿਆਂ ਨੂੰ ਕੀਰਤਨ ਸਿਖਲਾਈ ਦੇਣ ਕਰਕੇ ਵਿਸ਼ੇਸ਼ ਸ਼ਲਾਘਾ ਕੀਤੀ ਜਾ ਰਹੀ ਸੀ।

ਇਸ ਗੁਰਦੁਆਰਾ ਸਾਹਿਬ ਵਿਚ ਅੱਜਕਲ੍ਹ ਵਿਸ਼ੇਸ਼ ਸਮਾਗਮ ਰਚਾ ਕੇ ਟਕਸਾਲੀ ਕੀਰਤਨੀਆਂ ਦਾ ਕੀਰਤਨ ਕਰਵਾਇਆ ਜਾਂਦਾ ਹੈ ਤਾਂ ਜੋ ਸੰਗਤਾਂ ਕੀਰਤਨ ਦੀ ਪੁਰਾਤਨ ਪ੍ਰੰਪਰਾ ਤੋਂ ਜਾਣੂ ਰਹਿਣ।

### ਕੀਰਤਨ ਦੇ ਵਿਸ਼ੇਸ਼ ਸਮਾਗਮ

ਗੁਰਦੁਆਰਾ ਭਾਈ ਜੋਗਾ ਸਿੰਘ, ਪਟੇਲ ਨਗਰ, ਨਵੀਂ ਦਿੱਲੀ, ਵਿਚ ਕੀਰਤਨ ਦੇ ਵਿਸ਼ੇਸ਼ ਸਮਾਗਮ ਰਚਾਏ ਗਏ। ਇਸ ਸਮੇਂ ਇਕ ਦਿਨ ਹੀ ਵੱਡਾ ਸਮਾਗਮ ਨਾ ਕਰਕੇ ਤਿੰਨ ਦਿਨ ਪ੍ਰਸਿੱਧ ਰਾਗੀ ਜਥਿਆਂ ਨੂੰ ਬੁਲਾ ਕੇ ਦੋ ਤਿੰਨ ਘੰਟੇ ਉਨ੍ਹਾਂ ਦਾ ਕੀਰਤਨ ਸਰਵਣ ਕਰਵਾਇਆ ਗਿਆ। ਇਸ ਨਾਲ ਸੰਗਤਾਂ ਨੇ ਚਾਅ ਨਾਲ ਤਿੰਨੇ ਦਿਨ ਕੀਰਤਨ ਦਾ ਆਨੰਦ ਮਾਣਿਆ ਅਤੇ ਥਕਾਵਟ ਵੀ ਮਹਿਸੂਸ ਨਹੀਂ ਕੀਤੀ। ਸਮੁੱਚੇ ਪ੍ਰਬੰਧ ਵਿਚ ਖਾਸ ਤਰ੍ਹਾਂ ਦੀ ਪ੍ਰਵੀਣਤਾ ਸੀ। ਸਾਊਂਡ ਸਿਸਟਮ ਬੜਾ ਵਧੀਆ ਸੀ। ਸੰਗਤਾਂ ਟਿਕ ਕੇ ਕੀਰਤਨ ਦਾ ਅਨੰਦ ਮਾਣ ਰਹੀਆਂ ਸਨ। ਆਮ ਸਮਾਗਮਾਂ ਵਾਂਗ ਮੇਲੇ ਵਾਲਾ ਮਾਹੌਲ ਨਹੀਂ ਸੀ ਸਗੋਂ ਹਰ ਕੋਈ ਇਸ ਤੋਂ ਕੋਈ ਲਾਭ ਪ੍ਰਾਪਤ ਕਰਨਾ ਚਾਹੁੰਦਾ ਸੀ। ਵੱਖ ਵੱਖ ਸੰਸਥਾਵਾਂ ਦੇ ਨੌਜਵਾਨ ਬੜੀ ਸ਼ਰਧਾ ਅਤੇ ਪਿਆਰ ਨਾਲ ਸੇਵਾ ਕਰ ਰਹੇ ਸਨ। ਇਹ ਸਾਰੇ ਨੌਜਵਾਨ ਜਿਥੇ ਦੁਨਿਆਵੀ ਪ੍ਰਾਪਤੀਆਂ ਪੱਖੋਂ ਭਰਪੂਰ ਹਨ ਉਥੇ ਗੁਰਮਤਿ ਵਿਚਾਰਧਾਰਾ ਅਤੇ ਕੀਰਤਨ ਆਦਿ ਦੀ ਵੀ ਚੰਗੀ ਜਾਣਕਾਰੀ ਰੱਖਦੇ ਹਨ। ਇਨ੍ਹਾਂ ਦੇ ਮਨ ਵਿਚ ਕੁਝ ਨਵਾਂ ਅਤੇ ਚੰਗੇਰਾ ਕਰਨ ਦੀ ਲਗਨ ਹਰ ਸਮੇਂ ਰਹਿੰਦੀ ਹੈ। ਇਸ ਸਮਾਗਮ ਵਿਚ ਵੀ ਕੀਰਤਨ ਸਮਾਪਤੀ ਤੋਂ ਬਾਅਦ ਹਰ ਰਾਗੀ ਜਥੇ ਨਾਲ ਗੈਰ ਰਸਮੀ ਢੰਗ ਨਾਲ ਵਿਚਾਰ ਵਟਾਂਦਰਾ ਕਰਕੇ ਲਾਭ ਪ੍ਰਾਪਤ ਕੀਤਾ ਜਾ ਰਿਹਾ ਸੀ।

ਸੰਗਤਾਂ ਇਸ ਉੱਦਮ ਦੀ ਸ਼ਲਾਘਾ ਕਰ ਰਹੀਆਂ ਸਨ।

# ਇੱਕ ਅਲੌਕਿਕ ਕੀਰਤਨ ਦਰਬਾਰ

## ਭਾਈ ਵੀਰ ਸਿੰਘ ਜੀ

*(ਭਾਈ ਵੀਰ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਆਪਣੀਆਂ ਲਿਖਤਾਂ ਰਾਹੀਂ ਭਰਪੂਰ ਯੋਗਦਾਨ ਪਾਇਆ ਹੈ। ਆਪ ਵੱਲੋਂ ਤਿਆਰ ਕੀਤੀ ਪੁਸਤਕ ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ ਇਸ ਖੇਤਰ ਵਿੱਚ ਇੱਕ ਮੁੱਢਲੀ ਮਹੱਤਵਪੂਰਨ ਪੁਸਤਕ ਹੈ। ਇਸ ਤੋਂ ਇਲਾਵਾ ਆਪ ਆਪਣੀਆਂ ਰਚਨਾਤਮਕ ਲਿਖਤਾਂ ਵਿੱਚ ਵੀ ਕੀਰਤਨ ਦੀ ਮਹਿਮਾ ਅਤੇ ਮਹੱਤਤਾ ਦਰਸਾਉਂਦੇ ਰਹੇ ਹਨ। ਗੁਰੂ ਨਾਨਕ ਚਮਤਕਾਰ ਵਿੱਚ ਕੀਰਤਨ ਦੀ ਮਹਿਮਾ ਕਰਦਿਆਂ ਉਹ ਅਨੇਕਾਂ ਅਜਿਹੇ ਪ੍ਰਸੰਗ ਸਿਰਜਦੇ ਹਨ ਜਿਹਨਾਂ ਤੋਂ ਗੁਰਮਤਿ ਸੰਗੀਤ ਉੱਤੇ ਅਧਾਰਿਤ ਕੀਰਤਨ ਬਾਰੇ ਡੂੰਘੀਆਂ ਰਮਜ਼ਾਂ ਭਰਪੂਰ ਜਾਣਕਾਰੀ ਮਿਲਦੀ ਹੈ। ਅਸੀਂ ਉਹਨਾਂ ਦੀਆਂ ਵੱਖ ਵੱਖ ਲਿਖਤਾਂ ਵਿੱਚ ਦਿੱਤੇ ਅਜਿਹੇ ਪ੍ਰਸੰਗ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਖੋਜਕਾਰਾਂ ਦੀ ਲਈ ਦੇਣ ਦਾ ਜਤਨ ਕਰ ਰਹੇ ਹਾਂ। ਹੇਠਾਂ ਦਰਜ ਸਮੱਗਰੀ ਗੁਰੂ ਨਾਨਕ ਚਮਤਕਾਰ ਵਿੱਚੋਂ ਲਈ ਗਈ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਦਾ ਦ੍ਰਿਸ਼ ਬਿਆਨ ਕਰਦਿਆਂ ਭਾਈ ਸਾਹਿਬ ਇੱਕ ਅਲੌਕਿਕ ਕੀਰਤਨ ਦਰਬਾਰ ਦੀ ਰਚਨਾ ਕਰਦੇ ਹਨ।)*

ਕੀਰਤਨ- ਵਾਹਿਗੁਰੂ ਦਾ ਕੀਰਤਨ, ਹਾਂ ਸੁਰ, ਤਾਰ, ਸਾਜ਼, ਸੁੰਦਰ ਸੁਰੀਲੇ ਗਲੇ ਤੇ ਪਿਆਰ ਨਾਲ ਭਿੱਜੇ ਮਨ ਦਾ ਕੀਰਤਨ ਇਕ ਜਾਦੂ ਹੈ ਜੋ ਮਨ ਨੂੰ ਮਨ ਤੋਂ ਚੁਕ ਕੇ ਰਸ ਰੰਗ ਵਿਚ ਭਿਉਂ ਦੇਂਦਾ ਤੇ ਲਿਵ ਦੇ ਮੰਡਲਾਂ ਵਿਚ ਉਡਾਰੀ ਲੁਆ ਦੇਂਦਾ ਹੈ। ਕੀਰਤਨ ਹੋ ਰਿਹਾ ਹੈ, ਉਸ ਬਾਣੀ ਦਾ ਕੀਰਤਨ ਜੋ ਅਰਸ਼ਾਂ ਤੋਂ ਆਈ, ਸੁਹਣੇ ਸੁਚੇ ਤੇ ਸਾਫ ਦਿਲਾਂ ਤੇ ਉਤਰੀ। ਅੰਮ੍ਰਿਤ ਵੇਲਾ ਹੈ, ਕੁਦਰਤ ਟਿਕੀ ਹੋਈ ਹੈ ਤੇ ਟਿਕਾਉ ਚਾਰ ਚੁਫੇਰੇ ਹੈ। ਇਸ ਸਮੇਂ ਏਸ ਰੱਬੀ ਬਾਣੀ ਦਾ ਕੀਰਤਨ ਅਸਚਰਜ ਅਸਰ ਕਰ ਰਿਹਾ ਸੀ ਕਿ ਕੀਰਤਨ ਸੁਣਦਿਆਂ ਬਾਹਰ ਦਾ ਪਸਾਰਾ ਭੁੱਲਾ ਮਨ ਆਪੇ ਵਿਚ ਆਯਾ, ਆਪੇ ਤੋਂ ਉੱਚਾ ਹੋਇਆ, ਰਸ ਵਿੱਚ ਡੁੱਬਿਆ:

*ਮੇਰੇ ਮਨ ਮਨ ਹੀ ਉਲਟਿ ਸਮਾਨਾ॥*
*ਗੁਰਪਰਸਾਦਿ ਅਕਲਿ ਭਈ ਅਵਰੈ*
*ਨਾਤਰੁ ਥਾ ਬੇਗਾਨਾ॥*

(ਗਉੜੀ ਕਬੀਰ , ਪੰਨਾ 333)

— ਫੇਰ ਕੀ ਹੋਇਆ ਕਿ ਗੁਪਤ ਸੰਸਾਰ ਦੇ ਸੰਤ ਅਤੇ ਤਪਸੀ ਲੋਕ ਜੋ ਲੁਕੇ ਤਪਸਿਆ ਕਰਦੇ ਸਨ ਆਪਣੇ ਸੂਖਮ ਸਰੀਰਾਂ ਵਿੱਚ ਸਭ ਆ ਜੁੜੇ। ਬੂਹੇ ਵਜੇ ਹੋਏ ਸਨ, ਪਰ ਪਤਾ ਨਹੀਂ ਇਹ ਕਿਥੋਂ ਲੰਘੀ ਆਉਂਦੇ ਹਨ। ਸਾਰੇ ਜਣੇ ਬੈਠ ਗਏ ਸਭ ਨੇ ਇਕ ਭਜਨ ਗਾਂਵਿਆ:

*ਜਿਥੈ ਜਾਇ ਭਗਤੁ ਸੁ ਥਾਨ ਸੁਹਾਵਣਾ॥*
*ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ॥*

(ਫੁਨਹੇ ਮ: 5, ਪੰਨਾ 1363)

ਜਿਸ ਦਾ ਤਾਤਪਰਜ ਇਨ੍ਹਾਂ ਤੁਕਾਂ ਵਿੱਚ ਹੈ:-

*ਆਉ ਸਾਜਨ ਸੰਤ ਮੀਤ ਪਿਆਰੇ॥*
*ਮਿਲਿ ਗਾਵਹੁ ਗੁਣ ਅਗਮ ਅਪਾਰੇ॥*
ਗਾਵਤ ਸੁਣਤ ਸਭੇ ਹੀ ਮੁਕਤੇ
ਸੋ ਧਿਆਈਐ ਜਿਨਿ ਹਮ ਕੀਏ ਜੀਉ॥
ਜਨਮ ਜਨਮ ਕੇ ਕਿਲਬਿਖ ਜਾਵਹਿ॥
ਮਨ ਚਿੰਦੇ ਸੇਈ ਫਲ ਪਾਵਹਿ॥
ਸਿਮਰਿ ਸਾਹਿਬੁ ਸੋ ਸਚੁ ਸੁਆਮੀ
ਰਿਜਕੁ ਸਭਸੁ ਕਉ ਦੀਏ ਜੀਉ॥

(ਮਾਝ ਮਹਲਾ 5, ਪੰਨਾ 104)

ਜਦ ਇਸ ਭਾਵ ਦਾ ਸੰਗੀਤ ਹੋ ਚੁਕਾ ਤਾਂ ਅੱਗੇ ਕੋਲੋਂ ਵਧੀਕ ਪ੍ਰਕਾਸ਼ ਹੋ ਗਿਆ। ਸਾਰੇ ਅਦਬ ਨਾਲ ਸਿਰ ਨਿਹੁੜਾਕੇ ਜੀ ਆਇਆਂ ਦੇ ਸ਼ੁਕਰ ਭਰੇ ਸੁਨਹਿਰੀ ਭਾਵਾਂ ਨਾਲ ਭਰਕੇ ਹੱਥ ਜੋੜ ਖੜੋਤੇ। ਇੰਨੇ ਨੂੰ ਅਰਸ਼ਾਂ ਤੋਂ ਆ ਰਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁੰਦਰ ਪੁਸ਼ਪ ਬਿਬਾਨ ਸੰਤ ਦਰਬਾਰ ਦੇ ਵਿਚਕਾਰ ਪਹੁੰਚ ਕੇ ਸੋਭ ਗਿਆ ਅਰ

ਸਾਰਿਆਂ ਨੇ ਅਦਬ ਨਾਲ ਇਸ ਭਾਵ ਦਾ ਕੀਰਤਨ ਗਾਂਵਿਆ:-

*ਨਉਤਨ ਪ੍ਰੀਤਿ ਸਦਾ ਠਾਕੁਰ ਸਿਉ*
*ਅਨਦਿਨੁ ਭਗਤਿ ਸੁਹਾਵੀ॥*
*ਮੁਕਤਿ ਭਏ ਗੁਰ ਦਰਸੁ ਦਿਖਾਇਆ*
*ਜੁਗਿ ਜੁਗਿ ਭਗਤਿ ਸੁਭਾਵੀ॥*

(ਮਲਾਰ ਮਹਲਾ ੧, ਪੰਨਾ 1255)

ਹੁਣ ਪੁਸ਼ਪ ਬਿਬਾਨ ਦੇ ਨਾਲ ਆਏ ਦੇਵ ਲੋਕਾਂ ਨੇ ਗੁਰੂ ਜਸ ਗਾਇਨ ਕੀਤਾ ਅਰ ਐਸਾ ਸੁੰਦਰ ਰਾਗ ਹੋਣ ਲੱਗਾ ਕਿ ਕੌਣ ਉਪਮਾਂ ਕਹੇ। ਜਿਸ ਮਗਰੋਂ ਸਾਰੇ ਸੰਤਾਂ ਨੇ ਕੁਝ ਗਾਂਵਿਆਂ, ਜਿਸ ਵਰਗਾ ਭਾਵ ਕੁਛ ਕੁਛ ਇਸ ਕਬਿਤ ਵਿੱਚ ਲਭਦਾ ਹੈ:-

*ਸੁਪਨ ਚਰਿੱਤ੍ਰ ਚਿੱਤ੍ਰ ਬਾਨਕ ਬਨੇ ਬਚਿੱਤ੍ਰ,*
*ਪਾਵਨ ਪਵਿੱਤ੍ਰ ਮਿੱਤ੍ਰ ਆਜ ਮੇਰੇ ਆਏ ਹੈਂ॥*
*ਪਰਮ ਦਿਆਲ ਲਾਲ ਲੋਚਨ ਬਿਸਾਲ ਮੁਖ*
*ਬਚਨ ਰਸਾਲ ਮਧੁ ਮਧੁਰ ਪੀਆਏ ਹੈਂ॥*
*ਸੋਭਤ ਸਿਹਜਾਸਨ ਬਿਲਾਸਨ ਦੈ ਅੰਕਮਾਲ*
*ਪ੍ਰੇਮ ਰਸ ਬਿਸਮ ਹੁਇ ਸਹਿਜ ਸਮਾਏ ਹੈਂ॥*

(ਭਾਈ ਗੁਰਦਾਸ ਜੀ)

ਇਸ ਤਰ੍ਹਾਂ ਦੇ ਪ੍ਰੇਮ ਵਾਕ ਸੁਣ ਕੇ ਸ੍ਰੀ ਗੁਰੂ ਜੀ ਨੇ ਬੜੇ ਪਿਆਰ ਨਾਲ ਸੰਤ ਮੰਡਲੀ ਨੂੰ ਕੁਛ ਇਸ ਪ੍ਰਕਾਰ ਦਾ ਸੰਦੇਸਾ ਦਿੱਤਾ:-

*ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ॥*
*ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ॥*
*ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮ ਅਹਲੇ॥*
*ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ॥*
*ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ॥*

(ਵਾਰ ਗਉੜੀ ਮਹਲਾ 5, ਪੰਨਾ 320)

*ਹਉ ਢਾਢੀ ਵੇਕਾਰ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥*
*ਸਚਾ ਅੰਮ੍ਰਿਤੁ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥*

(ਵਾਰ ਮਾਝ ਮਹਲਾ ੧ ਪੰਨਾ 120)

ਸ੍ਰੀ ਗੁਰੂ ਜੀ ਨੇ ਆਪਣੇ ਸੱਚ ਖੰਡ ਪਿਆਨੇ ਤੇ ਵਰੋਸਾਏ ਜਾਣ ਦੀ ਆਪ ਸਾਖੀ ਇਸ ਪਉੜੀ ਵਿੱਚ ਭਰੀ ਹੈ। )

ਸੰਤਾਂ ਨੇ ਹੁਣ ਕੁਝ ਹੋਰ ਉਚਾਰਿਆ ਜਿਸ ਦਾ ਭਾਵ ਇਸ ਸ਼ਬਦ ਵਿੱਚੋਂ ਪ੍ਰਤੀਤ ਦੇਂਦਾ ਹੈ:-

*ਸਾਰੰਗ ਮਹਲਾ 5 ਸੂਰਦਾਸ*
*੧ਓ ਸਤਿਗੁਰ ਪ੍ਰਸਾਦਿ॥*
*ਹਰਿ ਕੇ ਸੰਗ ਬਸੇ ਹਰਿ ਲੋਕ॥*
*ਤਨੁ ਮਨੁ ਅਰਪਿ ਸਬਸੁ ਸਭ ਅਰਪਿਓ*
*ਅਨਦ ਸਹਜ ਧੁਨਿ ਝੋਕ॥ ਰਹਾਉ॥*
*ਦਰਸਨੁ ਪੇਖਿ ਭਏ ਨਿਰਬਿਖਈ ਪਾਏ ਸਗਲੇ ਥੋਕ॥*
*ਆਨ ਬਸਤੁ ਸਿਉ ਕਾਜੁ ਨ ਕਛੂਐ*
*ਸੁੰਦਰ ਬਦਨ ਅਲੋਕ॥*
*ਸਿਆਮ ਸੁੰਦਰਿ ਤਜਿ ਆਨ ਜੁ ਚਾਹਤ*
*ਜਿਉ ਕੁਸਟੀ ਤਨਿ ਜੋਕ॥*
*ਸੂਰਦਾਸ ਮਨੁ ਪ੍ਰਭਿ ਹਥਿ ਲੀਨ ਦੀਨ ਇਹ ਪਰਲੋਕ॥*

(ਪੰਨਾ 1253)

ਗੁਰੂ ਜੀ ਨੇ ਕੁਛ ਐਸਾ ਭਾਵ ਕਥਨ ਕੀਤਾ:-

*ਕੀਰਤਿ ਸੁਰਤਿ ਮੁਕਤਿ ਇਕਨਾਈ॥*
*ਤਹੀ ਨਿਰੰਜਨੁ ਰਹਿਆ ਸਮਾਈ॥*
*ਨਿਜ ਘਰਿ ਬਿਆਪਿ ਰਹਿਆ ਨਿਜ ਠਾਈ॥*
*ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥*
*ਤਨਿ ਮਨਿ ਸੂਚੈ ਸਾਚੁ ਸੁਚੀਤਿ॥*
*ਨਾਨਕੁ ਹਰਿ ਭਜੁ ਨੀਤਾ ਨੀਤਿ॥*

(ਗਉੜੀ ਮਹਲਾ ੧ ਪੰਨਾ 221)

ਸੰਤਾਂ ਨੇ ਇਸ ਪ੍ਰਕਾਰ ਦੇ ਸ਼ੁਕਰ ਦੇ ਕੋਈ ਵਾਕ ਕਹੇ :-

*ਧਰਣਿ ਸੁਵੰਨੀ ਖੜ ਰਤਨ ਜੜਾਵੀ*
*ਹਰਿ ਪ੍ਰੇਮ ਪੁਰਖੁ ਮਨਿ ਵੁਠਾ॥*
*ਸਭੇ ਕਾਜ ਸੁਹੇਲੜੇ ਥੀਏ*
*ਗੁਰ ਨਾਨਕੁ ਸਤਿਗੁਰੁ ਤੁਠਾ॥*

(ਵਾਰ ਗਉੜੀ ਮਹਲਾ 5 ਸਲੋਕ ਪੰਨਾ 322)

ਗੁਰੂ ਜੀ ਨੇ ਹੁਣ ਇਹ ਪ੍ਰਭਾਵ ਪਾਇਆ:-

*ਨਾਨਕ ਆਖੈ ਏਹੁ ਬੀਚਾਰ॥*
*ਸਿਫਤੀ ਗੰਢੁ ਪਵੈ ਦਰਬਾਰਿ॥*

(ਵਾਰ ਮਾਝ ਮਹਲਾ ੧ ਪੰਨਾ 143)

*ਜਿਸ ਸਰਬ ਸੁਖਾ ਫਲ ਲੋੜੀਅਹਿ*
*ਸੋ ਸਚੁ ਕਮਾਵਉ॥*

*ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ॥*
*ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ॥*
*ਦੂਖੁ ਨ ਦੇਈ ਕਿਸੈ ਜੀਅ*
*ਪਤਿ ਸਿਉ ਘਰਿ ਜਾਵਉ॥*
*ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ॥*

(ਵਾਰ ਗਉੜੀ ਮਹਲਾ 5 ਪੰਨਾ 322)

ਕੈਸੀ ਅਸਚਰਜ ਲੀਲਾ ਹੈ। ਸੰਤ ਜਨ ਤਾਂ ਆਪ ਦੀ ਉੱਚੀ ਤੋਂ ਉੱਚੀ ਉਸਤਤਿ ਕਰਦੇ ਹਨ ਤੇ ਆਪ ਐਡੇ ਵੱਡੇ ਹੋ ਕੇ ਨਿੰਮ੍ਰਤਾ ਭਾਵ ਵਿੱਚ ਉਨ੍ਹਾਂ ਨੂੰ ਪਰਮੇਸ਼ਰ ਦਾ ਲੜ ਫੜਨੇ ਦਾ ਉਪਦੇਸ਼ ਦਿੰਦੇ ਹਨ, ਪਰ ਉਹ ਵੀ ਗੁਪਤ ਵਰਤਾਰੇ ਦੇ ਜਾਣੂ ਸਨ ਕੁਝ ਐਸੇ ਭਾਵ ਦੇ ਵਾਕ ਬੋਲੇ:-

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*

(ਵਾਰ ਮਲਾਰ ਮਹਲਾ ੧ ਪੰਨਾ 1291)

ਗੁਰੂ ਜੀ-

*ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥*
*ਜਿਸਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥*

(ਆਸਾ ਮਹਲਾ ੧ ਪੰਨਾ 351)

ਤਪੱਸੀਆਂ ਨੇ ਫਿਰ ਐਸੇ ਕੋਈ ਵਾਕ ਕਹੇ:-

*ਜਿਤੁ ਤੂ ਲਾਇਹਿ ਸਚਿਆ*
*ਤਿਤੁ ਕੋ ਲਗੈ ਨਾਨਕ ਗੁਣ ਗਾਈ॥*

(ਵਾਰ ਮਲਾਰ ਮਹਲਾ ੧ ਪੰਨਾ 1291)

*ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ*
*ਭੰਨਣ ਘੜਣ ਸਮਰਥੁ॥*
*ਪ੍ਰਭੁ ਸਦਾ ਸਮਾਲਹਿ ਮਿਤ੍ਰ*
*ਤੂ ਦੁਖ ਸਬਾਇਆ ਲਥੁ॥*

(ਵਾਰੁ ਗਉੜੀ ਮਹਲਾ 5 ਪੰਨਾ 317)

ਗੁਰੂ ਜੀ- *ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ॥*

(ਰਾਮਕਲੀ ਮਹਲਾ ੧)

ਸੰਤਾਂ ਨੇ ਹੁਣ ਆਪਣੀਆਂ ਮਿੱਠੀਆਂ ਸੁਰਾਂ ਵਿਚ ਇਕ ਗੀਤ ਗਾਂਵਿਆ, ਜਿਸ ਵਰਗਾ ਭਾਵ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਸ਼ਬਦ ਵਿਚ ਅੰਕਿਤ ਹੈ:-

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥*

*ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥*

*ਹਰਿ ਆਰਾਧਿ ਨ ਜਾਨਾ ਰੇ ॥*
*ਹਰਿ ਹਰਿ ਗੁਰੁ ਗੁਰੁ ਕਰਤਾ ਰੇ॥*
*ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ ਰਹਾਉ॥*

*ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥*

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*

*ਹਰਿ ਬਿਅੰਤ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥*

*ਕਰਉ ਬੇਨਤੀ ਸਤਿਗੁਰ ਅਪਨੇ ਮੈ ਮੂਰਖ ਦੇਹੁ ਉਪਦੇਸੋ ਰੇ॥*

*ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥*

*ਗੁਰੁ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨਾ ਪਰਿਆ ਰੇ॥*

(ਸੋਰਠ ਮਹਲਾ 5, ਪੰਨਾ 612)

ਇਸ ਤਰ੍ਹਾਂ ਦੇ ਆਨੰਦ ਵਿੱਚ ਗੀਤ ਗਾਉਂਦੇ ਤੇ ਨਮਸਕਾਰ ਕਰਦੇ ਸੰਤ ਜਨ ਅਸੀਸਾਂ ਲੈ ਕੇ ਵਿਦਾ ਹੋਇ, ਉਧਰ ਪੁਸ਼ਪ ਬਿਬਾਨ ਤੇ ਦੇਵ ਲੋਕ ਵਿਦਾ ਹੋ ਗਏ:

*ਸੰਮੁਦ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦ ਗੋਵਿੰਦ ਗੁਰੂ ਹੈ*
*ਨਾਨਕ ਭੇਦ ਨ ਭਾਈ॥*

(ਆਸਾ ਛੰਤ ਮਹਲਾ ਮਹਲਾ 4, ਪੰਨਾ 442)

# ਨਾਦ

## ਭਾਈ ਕਰਮ ਸਿੰਘ ਰਤਨ

*ਅਰਬਦ ਨਰਬਦ ਧੁੰਧੂਕਾਰ ਧਰਣਿ ਨ ਗਗਨਾ ਹੁਕਮੁ ਅਪਾਰਾ।*

*ਨ ਦਿਨੁ ਰੈਣਿ ਨ ਚੰਦੁ ਨ ਸੂਰਜ ਸੁੰਨੇ ਸੁੰਨ ਲਗਾਇਦਾ*

(ਮਾਰੂ ਮਹਲਾ ੧) 1035

ਜਦੋਂ ਹਰ ਪਾਸੇ ਅੰਧੇਰਾ ਹੀ ਅੰਧੇਰਾ ਸੀ, ਅਤੇ ਧੁੰਧ ਹੀ ਧੁੰਧ ਸੀ, ਨਾ ਧਰਤੀ ਸੀ, ਨ ਗਗਨ ਅਕਾਸ਼ ਸੀ, ਨਾ ਦਿਨ ਸੀ, ਨਾ ਰਾਤ ਸੀ, ਨਾ ਚੰਦ ਸੀ, ਨਾ ਸੂਰਜ ਸੀ, ਨਾ ਤਾਰੇ ਸਨ, ਨਾ ਗ੍ਰਹਿ ਸਨ ਅਤੇ ਬਿਲਕੁਲ ਸੁੰਨ ਸੀ , ਨਾ ਕੋਈ ਅਵਾਜ਼ ਸੀ, ਨਾ ਸ਼ਬਦ ਸੀ, ਸਭ ਪਾਸੇ ਚੁੱਪ ਹੀ ਚੁੱਪ ਸੀ ਤੇ ਸੁੰਨ ਹੀ ਸੁੰਨ ਸੀ।

ਉਸ ਸੁੰਨ ਦੇ ਵਿਚੋਂ ਇਕ ਛੋਟਾ ਜਿਹਾ ਬਿੰਦੂ ਪੈਦਾ ਹੋ ਗਿਆ, ਓਹ ਬਿੰਦੂ ਹੌਲੇ ਹੌਲੇ ਆਹਿਸਤਾ ਆਹਿਸਤਾ ਵੱਡਾ ਹੋਣ ਲੱਗ ਗਿਆ ਤੇ ਵੱਡਾ ਹੋ ਕੇ ਤਣ ਗਿਆ ਤੇ ਓਹ ਫਟ ਗਿਆ, ਜਿਸ ਤਰ੍ਹਾਂ ਬੰਬ ਫਟਦਾ ਹੈ। ਇਕ ਬਹੁਤ ਵੱਡਾ ਧਮਾਕਾ ਹੋਇਆ ਅਤੇ ਉਸ ਧਮਾਕੇ ਵਿਚੋਂ ਇਕ ਬਹੁਤ ਹੀ ਜ਼ੋਰਦਾਰ ਅਵਾਜ਼ ਨਿਕਲੀ ਇਕ ਨਾਦ ਗੂੰਜਿਆ ਅਤੇ ਨਾਲ ਹੀ ਉਸ ਦੇ ਵਿਚੋਂ ਬਹੁਤ ਸਾਰੀ ਅੱਗ ਅਤੇ ਉਸਦੇ ਵਿਚੋਂ ਬਹੁਤ ਸਾਰੇ ਵੱਡੇ ਵੱਡੇ ਚੰਗਿਆੜੇ ਨਿਕਲੇ, ਉਸ ਧਮਾਕੇ ਦੀ ਅਵਾਜ਼ ਤੇ ਚੰਗਿਆੜੇ ਇਤਨੇ ਜ਼ੋਰ ਨਾਲ ਫਟੇ ਕਿ ਉਹ ਚੰਗਿਆੜੇ ਲੱਖਾਂ ਕਰੋੜਾਂ ਅਰਬਾਂ ਖਰਬਾਂ ਮੀਲ ਤੱਕ ਫੈਲ ਗਏ ਅਤੇ ਉਹ ਫੈਲ ਕੇ ਅਰਬਾਂ ਖਰਬਾਂ ਸੂਰਜ ਬਣ ਗਏ ਅਤੇ ਉਨ੍ਹਾਂ ਅਰਬਾਂ ਖਰਬਾਂ ਸੂਰਜਾਂ ਵਿਚੋਂ ਹੋਰ ਟੁਕੜੇ ਟੁੱਟ ਟੁੱਟ ਕੇ ਵੱਖਰੇ ਹੋ ਕੇ ਕਰੋੜਾਂ ਅਰਬਾਂ ਤਾਰੇ ਤੇ ਕਈ ਅਕਾਸ਼ ਗੰਗਾਵਾਂ ਤੇ ਅਨੇਕਾਂ ਧਰਤੀਆਂ ਤੇ ਗ੍ਰਹਿ, ਨਛਤਰ ਬਣ ਗਏ ਕਈ ਚੰਦ੍ਰਮਾ ਤੇ ਰਾਸ਼ੀਆਂ ਬਣ ਗਈਆਂ।

ਅਤੇ ਜੋ ਉਸ ਧਮਾਕੇ ਵਿਚੋਂ ਨਾਦ, ਸ਼ਬਦ, ਅਵਾਜ਼ ਨਿਕਲੀ ਜੋ ਨਾਦ ਗੂੰਜਿਆ ਸੀ, ਉਹ ਅਵਾਜ਼ ਲੱਖਾਂ ਕਰੋੜਾਂ ਅਰਬਾਂ ਜੋ ਬ੍ਰਹਿਮੰਡ ਬਣੇ ਸਭ ਦੇ ਵਿਚ ਅਜ ਤਕ ਗੂੰਜ ਰਹੀ ਹੈ ਤੇ ਸਮਾਈ ਹੋਈ ਹੈ ਅਤੇ ਨਾਦ ਸ਼ਬਦ, ਰਹਿੰਦੇ ਕਰੋੜਾਂ ਬ੍ਰਹਿਮੰਡਾਂ ਵਿਚ ਅਨੰਤ ਮਾਲ ਤਕ ਸਦਾ ਹੀ ਗੂੰਜਦੀ ਰਹੇਗੀ। ਇਹ ਜੋ ਅਵਾਜ਼ ਹੈ, ਇਸ ਦਾ ਦੂਜਾ ਨਾਮ ਹੈ ਨਾਦ, ਸੰਸਕ੍ਰਿਤ ਵਿਚ ਜਿਸ ਨੂੰ 'ਨਾਦ' ਕਹਿੰਦੇ ਹਨ ਉਸੇ ਨੂੰ ਹੀ ਉਰਦੂ ਵਿਚ ਅਵਾਜ਼ ਕਹਿੰਦੇ ਹਨ ਤੇ ਪੰਜਾਬੀ ਵਿਚ ਸ਼ਬਦ ਕਹਿੰਦੇ ਹਨ ਅਤੇ ਇਹ 'ਨਾਦ' ਇਹ ਅਵਾਜ਼ ਇਤਨੀ ਸ਼ਕਤੀਸ਼ਾਲੀ ਹੈ ਕਿ ਜਿਤਨੇ ਵੀ ਸਪੇਸ ਵਿਚ ਖਾਲੀ ਪੁਲਾੜ ਵਿਚ ਗ੍ਰਹਿ ਅਤੇ ਬ੍ਰਹਿਮੰਡ ਹਨ ਸਭ ਵਿਚ ਸਮਾਈ ਹੋਈ ਹੈ ਅਤੇ ਉਨ੍ਹਾਂ ਬ੍ਰਹਿਮੰਡਾਂ ਵਿਚ ਜਾਂ ਉਨ੍ਹਾਂ ਪ੍ਰਿਥਵੀਆਂ ਵਿਚ ਜਦੋਂ ਵੀ ਕੋਈ ਜੀਵ ਜੰਤ ਪ੍ਰਗਟ ਹੁੰਦਾ ਹੈ, ਉਸੇ ਨੂੰ ਹੀ ਇਹ ਅਵਾਜ਼ ਮਿਲ ਜਾਂਦੀ ਹੈ, ਪਰ ਇਹ ਸ੍ਰਿਸ਼ਟੀ ਕਦੋਂ ਸਾਜੀ, ਕਦੋਂ ਬਣਾਈ, ਕਦੋਂ ਇਹ ਧਮਾਕਾ ਹੋਇਆ-ਭਾਵ ਕਈ ਵਿਗਿਆਨਕ ਸਾਇੰਸਦਾਨ ਆਪਣੇ-ਆਪਣੇ ਹਿਸਾਬ ਨਾਲ ਅੰਦਾਜ਼ੇ ਲਾ ਕੇ ਦਸਦੇ ਹਨ ਕਿ ਸ੍ਰਿਸ਼ਟੀ ਨੂੰ ਬਣਿਆਂ ਚਾਰ ਜਾਂ ਪੰਜ ਅਰਬ ਸਾਲ ਹੋ ਗਏ ਹਨ ਅਤੇ ਪੰਡਿਤ ਦੇਵੀ ਦਿਆਲ ਜੋਤਸ਼ੀ ਦੀ ਜੋ ਮਸ਼ਹੂਰ ਤਿਥ ਪਤ੍ਰਕਾ ਹੈ ਉਸ ਵਿਚ ਵੀ ਉਨ੍ਹਾਂ ਨੇ ਆਪਣੇ ਹਿਸਾਬ ਨਾਲ ਗਿਣਤੀ ਕਰਕੇ ਦਸਿਆ ਹੈ ਕਿ ਜਦੋਂ ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਕਲਪਨਾ ਕੀਤੀ ਤੇ ਕਲਪ ਤੋਂ ਲੈ ਕੇ ਅੱਜ ਤਕ 197 29 49 105 ਇਕ ਅਰਬ, ਸਤਾਨਵੇਂ ਕਰੋੜ ਉਨੱਤੀ ਲੱਖ, ਉਨੰਜਾ ਹਜ਼ਾਰ, ਇਕ ਸੌ ਪੰਜ ਸਾਲ ਹੋ ਗਏ ਹਨ ਅਤੇ ਸ੍ਰਿਸ਼ਟੀ ਬਣੀ ਨੂੰ ਯਾਨੀ ਜਦੋਂ ਸ੍ਰਿਸ਼ਟੀ ਦਾ ਧਮਾਕਾ ਹੋਇਆ ਉਦੋਂ ਤੋਂ ਲੈ ਕੇ ਹੁਣ ਤਕ 1 ਅਰਬ, 95 ਪਚਾਨਵੇਂ ਕਰੋੜ, 58 ਅਠਵੰਜਾ ਲੱਖ, 85 ਪਚਾਸੀ ਹਜ਼ਾਰ ਤੇ 105 ਇਕ ਸੌ ਪੰਜ ਸਾਲ ਹੋ ਗਏ ਹਨ। ਇਹ ਸਾਰੇ ਖਿਆਲ ਅਧੂਰੇ ਹਨ ਨਿਸਚੇ ਤੌਰ ਤੇ ਕੋਈ ਨਹੀਂ ਕਹਿ ਸਕਦਾ, ਕਿ ਇਤਨੇ ਹੀ ਸਾਲ ਹੋ ਗਏ ਹਨ ਇਸੇ ਲਈ ਗੁਰੂ ਨਾਨਕ ਦੇਵ ਜੀ ਜਪੁ ਬਾਣੀ ਵਿਚ ਲਿਖਦੇ ਹਨ ***(ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ)*** ਪੰਨਾ ੪

ਜਿਸ ਤਰ੍ਹਾਂ ਅਮਰੀਕਾ ਨੇ ਜਪਾਨ ਦੇ ਦੋ ਸ਼ਹਿਰਾਂ 'ਹੀਰੋਸ਼ੀਮਾ' ਤੇ 'ਨਾਗਾਸਾਕੀ' ਤੇ ਦੋ ਐਟਮ ਬੰਬ ਸੁੱਟੇ ਸਨ, ਅਤੇ ਉਨ੍ਹਾਂ ਬੰਬਾਂ ਦੀ ਇਤਨੀ ਗਰਮੀ ਸੀ ਕਿ ਸੈਂਕੜੇ ਮੀਲਾਂ ਤਕ ਉਹਨਾਂ ਦੀ ਗਰਮੀ ਨਾਲ ਮਕਾਨਾਂ ਤੇ ਬਿਲਡਿੰਗਾਂ ਵਿਚ ਪਿਆ ਹੋਇਆ ਲੋਹਾ ਤੇ ਗਾਡਰ ਸਰੀਆ ਪਿਘਲ

ਕੇ ਪਾਣੀ ਬਣ ਕੇ ਵਹਿ ਤੁਰਿਆ ਸੀ, ਤੇ ਲੋਕਾਂ ਦੇ ਚੜ੍ਹਨ ਵਾਲੀਆਂ ਸਵਾਰੀਆਂ, ਬੱਸਾਂ, ਰੇਲਾਂ, ਸਾਈਕਲ ਆਦਿ ਸਭ ਇਕ ਸਕਿੰਟ ਵਿਚ ਪਿਘਲ ਕੇ ਪਾਣੀ ਬਣ ਵਹਿਣ ਲੱਗ ਪਏ ਸਨ। ਅਤੇ ਲੱਖਾਂ ਲੋਕ ਉਸ ਗਰਮੀ ਵਿਚ ਖਤਮ ਹੋ ਗਏ ਸਨ ਅਤੇ ਉਸ ਬੰਬ ਦੀ ਅਵਾਜ਼ ਦਾ ਇਤਨਾ ਅਸਰ ਹੋਇਆ ਕਿ ਅਜ ਤਕ ਜਪਾਨ ਦੇ ਉਸ ਇਲਾਕੇ ਵਿਚ ਅਪਾਹਜ ਬੱਚੇ ਪੈਦਾ ਹੋ ਰਹੇ ਹਨ। ਸੋ ਇਹ ਤਾਂ ਮਨੁੱਖ ਦਾ ਬਣਾਇਆ ਹੋਇਆ ਇਕ ਵਿਨਾਸ਼ ਕਾਰੀ ਧਮਾਕਾ ਸੀ, ਜਿਸ ਦਾ ਅੱਜ ਤਕ ਇਤਨਾ ਅਸਰ ਹੈ। ਪਰ ਉਸ ਪ੍ਰਮਾਤਮਾ ਨੇ ਜੋ ਧਮਾਕਾ ਸੁੰਨ ਵਿਚੋਂ ਪੈਦਾ ਕੀਤਾ, ਉਹ ਵਿਨਾਸ਼ਕਾਰੀ ਨਹੀਂ ਸੀ। ਉਹ ਬ੍ਰਹਿਮੰਡ ਦੇ ਪਸਾਰੇ ਦਾ ਧਮਾਕਾ ਸੀ। ਜਿਸ ਤੋਂ ਇਹ ਸਾਰਾ ਬ੍ਰਹਿਮੰਡ ਰਚਿਆ ਗਿਆ। ਮਨੁੱਖ ਨੇ ਬਹੁਤਾ ਕੁਝ ਵਿਨਾਸ਼ਕਾਰੀ ਹੀ ਬਣਾਇਆ ਹੈ। ਕਿਉਂਕਿ ਮਨੁੱਖ ਆਪ ਵੀ ਬਿਨਸਨ ਹਾਰ ਹੈ, ਤੇ ਇਸ ਦੀ ਰਚਨਾ ਵੀ ਬਿਨਸਨ ਹਾਰ ਹੈ ਅਤੇ ਪ੍ਰਮਾਤਮਾ ਆਪ ਖਤਮ ਨਹੀਂ ਹੁੰਦਾ ਤੇ ਉਸ ਦੀ ਰਚਨਾਂ ਵੀ ਅਨੰਤ ਕਾਲ ਤਕ ਰਹਿੰਦੀ ਹੈ। ਸੋ ਇਸੇ ਤਰ੍ਹਾਂ ਜੋ ਸੁੰਨ ਵਿਚੋਂ ਅਵਾਜ਼ ਪੈਦਾ ਹੋਈ, ਜੋ ਨਾਦ ਪੈਦਾ ਹੋਇਆ, ਉਹ ਨਾਦ ਕਰੋੜਾਂ ਬ੍ਰਹਿਮੰਡਾਂ ਵਿਚ ਸਮਾ ਗਿਆ ਅਤੇ ਉਨ੍ਹਾਂ ਕਰੋੜਾਂ ਬ੍ਰਹਿਮੰਡਾਂ ਵਿਚੋਂ ਇਕ ਇਹ ਸਾਡਾ ਸੂਰਜ ਬਣਿਆ ਜੋ ਸੂਰਜ ਸਾਨੂੰ ਇਸ ਪ੍ਰਿਥਵੀ ਤੇ ਨਜ਼ਰ ਆਉਂਦਾ ਹੈ ਅਤੇ ਸੂਰਜ ਤੋਂ ਵੀ ਕਈ ਟੁਕੜੇ ਅਲਗ ਹੋ ਗਏ ਤੇ ਉਹ ਪ੍ਰਿਥਵੀ ਤੇ ਕਈ ਚੰਦ੍ਰਮਾ ਤੇ ਕਈ ਗ੍ਰਹਿ ਨਛਤਰ ਬਣ ਗਏ ਅਤੇ ਇਸੇ ਤਰ੍ਹਾਂ ਸੂਰਜ ਤੋਂ ਵੱਖ ਹੋ ਕੇ ਸਾਡੀ ਪ੍ਰਿਥਵੀ ਬਣੀ, ਤੇ ਪ੍ਰਿਥਵੀ ਠੰਢੀ ਹੋ ਕੇ ਠੋਸ ਬਣ ਗਈ ਤੇ ਗੈਸਾਂ ਪੈਦਾ ਹੋਈਆਂ ਤੇ ਹਾਈਡਰੋਜਨ ਗੈਸ ਤੋਂ ਪਾਣੀ ਅਤੇ ਫਿਰ ਧਰਤੀ ਅਤੇ ਪਾਣੀ ਨੇ ਮਿਲ ਕੇ ਕਿਉਂਕਿ (ਪਾਣੀ ਪਿਤਾ ਹੈ ਤੇ ਧਰਤੀ ਮਾਤਾ ਹੈ) ਦੋਹਾਂ ਮਾਤਾ ਪਿਤਾ ਨੇ ਮਿਲ ਕੇ ਆਪਣੇ ਸੰਜੋਗ ਤੋਂ ਇਹ ਬਨਸਪਤੀ ਤੇ ਪੇੜ ਪੌਦੇ ਘਾਹ ਫੂਸ ਤੇ ਅਨੇਕਾਂ ਫਸਲਾਂ ਤੇ ਅਨੇਕ ਤਰ੍ਹਾਂ ਦੇ ਫਲ ਫਰੂਟ ਪੈਦਾ ਕੀਤੇ, ਅਤੇ ਫਿਰ ਜੀਵ ਜੰਤੂ ਚਲਣ ਵਾਲੇ ਪੈਦਾ ਕੀਤੇ, ਅਤੇ ਇਨ੍ਹਾਂ ਪੇੜ ਪੌਦਿਆਂ ਦੇ ਹਰ ਤਰ੍ਹਾਂ ਦੇ ਜੀਵ ਜੋ ਕੇ ਚੌਰਾਸੀ ਲੱਖ ਕਿਸਮ ਦੇ ਜੀਵ ਜੰਤੂ ਹਨ। ਜੋ ਕੇ ਚਾਰ ਕਿਸਮ ਦੇ ਤਰੀਕਿਆਂ ਨਾਲ ਪੈਦਾ ਹੋਏ ਹਨ। ***(ਅੰਡਜ, ਜੇਰਜ, ਉਤਭੁਜ, ਸੇਤਜ, ਤੇਰੇ ਕੀਤੇ ਜੰਤਾ)*** ਅੰਡਜ ਜੋ ਅੰਡਿਆਂ ਤੋਂ ਜੀਵ ਪੈਦਾ ਹੁੰਦੇ ਹਨ, ਜੇਰਜ: ਜੋ ਜੀਵ ਜੇਰ ਵਿਚ ਪੈਦਾ ਹੁੰਦੇ ਹਨ, ਉਤਭੁਜ: ਜੋ ਜੀਵ ਪਸੀਨੇ ਆਦਿ ਤੋਂ ਪੈਦਾ ਹੁੰਦੇ ਹਨ ਜਿਵੇਂ ਜੂੰਆਂ ਆਦਿ , ਸੇਤਜ: ਧਰਤੀ ਵਿਚੋਂ ਪਾਣੀ ਨਾਲ ਪੈਦਾ ਹੁੰਦੇ ਹਨ ***(ਬਇਆਲੀਸ ਲਖ ਜੀਅ ਜਲ ਮਹਿ ਹੋਤੇ)*** ਚੌਰਾਸੀਹ ਲੱਖ ਜੂਨ ਵਿਚੋਂ ਬਿਆਲੀ ਲੱਖ ਜੂਨ ਪਾਣੀ ਦੀ ਹੈ ਜੋ ਕਿ ਜਲ ਦੇ ਜੀਵ ਹਨ ਅਤੇ ਅਕਾਸ਼ ਵਿਚ ਉਡਣ ਵਾਲੇ ਪੰਛੀ ਆਦਿਕ ਹਨ।

ਪਰ ਭਾਵੇਂ ਕੋਈ ਵੀ ਜੀਵ ਹੈ, ਜੜ੍ਹ ਹੈ, ਚੇਤਨ ਹੈ, ਹਰ ਇਕ ਜੀਵ ਦੇ ਅੰਦਰ ਪ੍ਰਮਾਤਮਾ ਨਾਦ ਜਾਂ ਅਵਾਜ਼ ਬਣ ਕੇ ਸਮਾਇਆ ਹੋਇਆ ਹੈ ਅਤੇ ਸ਼੍ਰਿਸ਼ਟੀ ਦਾ ਹਰ ਇਕ ਜੀਵ ਚਾਹੇ ਉਹ ਕਿਸੇ ਵੀ ਜੂਨ ਵਿਚ ਹੈ ਬੋਲਦਾ ਹੈ। ਉਨ੍ਹਾਂ ਜੀਵਾਂ ਵਿਚ ਵੀ ਅਵਾਜ਼ ਹੈ, ਜੋ ਅਸੀਂ ਖੁਰਦਬੀਨ ਨਾਲ ਵੇਖ ਸਕਦੇ ਹਾਂ। ਕਈ ਜੀਵਾਂ ਦੀ ਅਵਾਜ਼ ਸਾਨੂੰ ਸੁਣਾਈ ਨਹੀਂ ਦੇਂਦੀ । ਤੇ ਕਈ ਜੀਵਾਂ ਦੀ ਅਵਾਜ਼ ਇਤਨੀ ਜ਼ੋਰ ਦੀ ਹੁੰਦੀ ਹੈ ਕਿ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਕੀੜੀ ਵਿਚ ਵੀ ਅਵਾਜ਼ ਹੈ ਤੇ ਹਾਥੀ ਵਿਚ ਵੀ ਅਵਾਜ਼ ਹੈ। ਸਤਿਗੁਰੂ ਦਸਮ ਪਾਤਸ਼ਾਹ ਜੀ ਦਾ ਕਥਨ ਹੈ ***(ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਂਹਿ, ਚੀਟੀ ਕੀ ਪੁਕਾਰ ਪੇਹਲੇ ਹੀ ਸੁਨੀਅਤ ਹੈ।*** (ਅਕਾਲ ਉਸਤਤ ਪਾ: 10)

ਸੋ ਉਹ ਜੋ ਨਾਦ, ਅਵਾਜ਼ ਸ਼੍ਰਿਸ਼ਟੀ ਦੇ ਹਰ ਕਤਰੇ ਵਿਚ ਹਰ ਜ਼ਰਰੇ ਦੇ ਵਿਚ, ਤੇ ਹਰ ਜੀਵ ਦੇ ਵਿਚ ਬੋਲ ਰਹੀ ਹੈ ਜਿਸ ਤਰ੍ਹਾਂ ਕਿ ਕੀੜੀ ਤੋਂ ਲੈ ਕੇ ਹਾਥੀ ਅਤੇ ਡਾਇਨਾਸੋਰ ਵੀ ਬੋਲਦੇ ਸਨ ਅਤੇ ਮਾਸਾਹਾਰੀ ਜੀਵ ਸ਼ਾਕਾ ਹਾਰੀ ਜੀਵ, ਸਾਰੇ ਹੀ ਆਪੋ ਆਪਣੀ ਬੋਲੀ ਬੋਲਦੇ ਹਨ। ਇਨ੍ਹਾਂ ਸਭ ਜੀਵ ਜੰਤੂਆਂ ਦੀਆਂ ਅਵਾਜ਼ਾਂ ਦਾ ਅਧਿਐਨ ਕਰਕੇ ਸਿਆਣੇ ਮਨੁੱਖਾਂ ਨੇ, ਤੇ ਸਿਆਣੇ ਗੁਣੀ ਪੁਰਸ਼ਾਂ ਨੇ ਸਤ ਸੁਰਾਂ ਦੀ ਪਹਿਚਾਣ ਕੱਢੀ ਅਤੇ ਗਾਇਕੀ ਦੇ ਸਤ ਸੁਰ ਕਾਇਮ ਕੀਤੇ। ਇਹ ਇਸ ਪ੍ਰਕਾਰ ਹਨ: 1) ਮੋਰ ਦੀ ਅਵਾਜ਼ ਸੁਣ ਕੇ ਉਸ ਤੋਂ 'ਸਾ' ਸ਼ੜਜ ਸੁਰ ਦੀ ਕਾਢ ਕੱਢੀ ਤੇ ਮਨੁੱਖ ਨੇ ਇਸ ਅਵਾਜ਼ ਨੂੰ ਆਪਣੀ ਨਾਭੀ ਯਾਨੀ ਧੁੰਨੀ ਤੋਂ ਪੈਦਾ ਕੀਤਾ। 2) ਗਊ ਅਤੇ ਪਪੀਹੇ ਦੀ ਅਵਾਜ਼ ਨੂੰ ਸੁਣ ਕੇ ਦੂਜਾ ਸੁਰ 'ਰੇ' ਰਿਸ਼ਭ ਦੀ ਕਾਢ ਕੱਢੀ, ਅਤੇ ਇਸ ਅਵਾਜ਼ ਨੂੰ ਮਨੁੱਖ ਨੇ ਹਿਰਦੇ ਵਿਚੋਂ ਪੈਦਾ ਕੀਤਾ। 3) ਬੱਕਰੀ ਦੀ ਅਵਾਜ਼ ਸੁਣ ਕੇ ਤੀਜੇ ਸੁਰ 'ਗਾ' ਗੰਧਾਰ ਦੀ ਕਾਢ ਕੱਢੀ ਤੇ ਇਸ ਨੂੰ ਮਨੁੱਖ ਨੇ ਕੰਠ (ਗਲੇ) ਤੋਂ ਪੈਦਾ ਕੀਤਾ। 4) ਕਾਂ ਅਤੇ ਚਕੋਰ ਦੀ ਅਵਾਜ਼ ਸੁਣ ਕੇ ਇਸ ਤੋਂ ਚੌਥਾ ਸੁਰ 'ਮਾ'

ਮੱਧਮ ਸੁਰ ਦੀ ਕਾਢ ਕੱਢੀ ਅਤੇ ਇਸ ਨੂੰ ਵੀ ਮਨੁੱਖ ਨੇ ਕੰਠ ਤੋਂ ਪੈਦਾ ਕੀਤਾ। 5) ਕੋਇਲ ਦੀ ਅਵਾਜ਼ ਸੁਣ ਕੇ ਇਸ ਤੋਂ ਪੰਜਵਾਂ ਸੁਰ 'ਪਾ' ਪੰਚਮ ਦੀ ਕਾਢ ਕੱਢੀ ਇਸ ਨੂੰ ਮਨੱਖ ਨੇ ਆਪਣੇ ਮੁੱਖ ਤੋਂ ਬੁੱਲਾਂ ਤੋਂ ਪੈਦਾ ਕੀਤਾ। 6) ਘੋੜੇ ਅਤੇ ਡੱਡੂ ਦੀ ਅਵਾਜ਼ ਸੁਣ ਕੇ ਇਸ ਤੋਂ ਛੇਵੇਂ ਸੁਰ 'ਧਾ' ਧੈਵਤ ਦੀ ਕਾਢ ਕੱਢੀ ਇਸ ਨੂੰ ਮਨੁੱਖ ਨੇ ਆਪਣੇ ਤਾਲੂ ਤੋਂ ਪੈਦਾ ਕੀਤਾ। ਅਤੇ 7) ਫਿਰ ਹਾਥੀ ਦੀ ਅਵਾਜ਼ ਸੁਣ ਕੇ ਇਸ ਤੋਂ ਸੱਤਵਾਂ ਸੁਰ 'ਨੀ' ਨਿਸ਼ਾਧ ਦੀ ਕਾਢ ਕੱਢੀ ਅਤੇ ਇਸ ਨੂੰ ਮਨੁੱਖ ਨੇ ਆਪਣੀ ਨੱਕ ਤੋਂ ਪੈਦਾ ਕੀਤਾ।

ਇਸ ਤਰ੍ਹਾਂ ਵੱਖੋ ਵੱਖਰੇ ਜੀਵ ਜੰਤੂਆਂ ਦੀਆਂ ਅਵਾਜ਼ਾਂ ਦੀ ਨਕਲ ਕਰਕੇ ਮਨੁੱਖ ਨੇ ਇਹ ਸੱਤ ਸੁਰ ਕਾਇਮ ਕੀਤੇ ਅਤੇ ਗੁਣੀ ਪੁਰਸ਼ਾਂ ਨੇ ਇਹ ਸੱਤ ਸੁਰਾਂ ਦੇ 12 ਰੂਪ ਬਣਾਏ। ਜਿਸ ਤਰ੍ਹਾਂ ਕਿ ਸਾ ਅਤੇ ਪਾ ਅਚੱਲ ਸੁਰ ਹਨ, ਜੋ ਇਕੋ ਰੂਪ ਵਿਚ ਹੀ ਰਹਿੰਦੇ ਹਨ ਅਤੇ ਬਾਕੀ ਦੇ ਪੰਜ ਸੁਰ ਰੇ ਗਾ ਮਾ ਧਾ ਨੀ ਇਨ੍ਹਾਂ ਦੇ ਦੋ ਦੋ ਰੂਪ ਕਾਇਮ ਕੀਤੇ। ਕੋਮਲ ਅਤੇ ਤੀਬਰ, ਅਤੇ ਕੋਮਲ ਤੇ ਸ਼ੁੱਧ ਸੁਰ ਕਾਇਮ ਕੀਤੇ। ਫਿਰ ਇਨ੍ਹਾਂ ਬਾਰਾਂ ਸੁਰਾਂ ਵਿਚੋਂ ਗੁਣੀ ਪੁਰਸ਼ਾਂ ਨੇ ਠਾਠ ਬਣਾਏ, ਅਤੇ ਠਾਠਾਂ ਵਿਚੋਂ ਰਾਗਾਂ ਦੀ ਉਤਪਤੀ ਹੋਈ।

ਪ੍ਰਮਾਤਮਾ ਦੇ ਦੋ ਰੂਪ ਹਨ: ਨਿਰਗੁਣ ਅਤੇ ਸਰਗੁਣ। ਨਿਰਗੁਣ ਹੋ ਕੇ ਅਸੀਂ ਸੁਣਿਆ ਹੈ ਕਿ 'ਰੱਬ ਹੈ, ਪ੍ਰਮਾਤਮਾ ਹੈ, ਪਰ ਅੱਖਾਂ ਨਾਲ ਨਹੀਂ ਦੇਖਿਆ , ਪਰ ਸਾਰੇ ਹੀ ਕਹਿੰਦੇ ਹਨ ਕਿ ਪ੍ਰਮਾਤਮਾ ਹੈ। - ਜਿਸ ਤਰ੍ਹਾਂ ਕੋਈ ਸਾਡਾ ਦੋਸਤ ਮਿੱਤਰ ਹੋਵੇ ਪਰ ਉਹ ਸਾਡੇ ਪਾਸ ਨਾ ਹੋਵੇ ਭਾਵੇਂ ਕੋਲ ਨਹੀਂ, ਫਲਾਂ ਥਾਂ ਤੇ ਜਾਂ ਫਲਾਣੇ ਸ਼ਹਿਰ ਵਿਚ ਰਹਿੰਦਾ ਹੈ ਇਹ ਉਸ ਦਾ ਨਿਰਗੁਣ ਸਰੂਪ ਹੈ, ਜੋ ਸਾਨੂੰ ਯਾਦ ਹੈ ਕਿ ਪ੍ਰਮਾਤਮਾ ਹੈ। ਪਰ ਜਦੋਂ ਉਹੀ ਸਾਡਾ ਮਿੱਤਰ ਸਾਡੇ ਕੋਲ ਹੋਵੇ, ਸਾਡੇ ਪਾਸ ਹੋਵੇ, ਸਾਡੇ ਸਾਹਮਣੇ ਬੈਠਾ ਹੋਵੇ, ਅਸੀਂ ਅੱਖਾਂ ਨਾਲ ਉਸਨੂੰ ਦੇਖ ਸਕੀਏ, ਹੱਥਾਂ ਨਾਲ ਸਰੀਰ ਨਾਲ ਸਪਰਸ਼ ਕਰ ਸਕੀਏ ਉਸ ਨਾਲ ਗੱਲਬਾਤ ਕਰ ਸਕੀਏ, ਉਸਨੂੰ ਕਹਿੰਦੇ ਹਨ ਸਰਗੁਣ ਸਰੂਪ, ਸਤਗੁਰ ਜੀ ਫੁਰਮਾਨ ਕਰਦੇ ਹਨ *(ਨਿਰਗੁਨ ਆਪ ਸਰਗੁਨ ਭੀ ਓਹੀ। ਕਲਾਧਾਰ ਜਿਨ ਸਗਲੀ ਮੋਹੀ)* ਉਹ ਪ੍ਰਮਾਤਮਾ ਨਿਰਗੁਨ ਵੀ ਹੈ ਜੋ ਕਿ ਕਿਸੇ ਰੂਪ ਰੰਗ, ਜਾਤ ਵਰਨ, ਜੀਵ ਜੰਤ, ਵਿਚ ਨਹੀਂ ਤੇ ਸਰਗੁਨ ਹੈ, ਕਿ ਸ਼੍ਰਿਸ਼ਟੀ ਦੇ ਹਰ ਜੀਵ ਜੰਤ ਵਿਚ ਅਤੇ ਜ਼ਰਰੇ ਵਿਚ ਉਹ ਪਵਨ ਰੂਪ ਹੋ ਕੇ ਨਾਦ ਰੂਪ ਹੋ ਕੇ , ਸ਼ਬਦ ਅਵਾਜ਼ ਰੂਪ ਹੋ ਕੇ ਹਰ ਥਾਂ ਤੇ ਹਾਜ਼ਰ ਨਾਜ਼ਰ ਹੈ ਵਿਆਪਕ ਹੈ, ਨਾਦ ਰੂਪ ਵਿਚ ਅਸੀਂ ਉਸ ਨੂੰ ਸੁਣ ਸਕਦੇ ਹਾਂ ਤੇ ਦੇਖ ਸਕਦੇ ਹਾਂ, ਤੇ ਸਪਰਸ਼ ਵੀ ਕਰ ਸਕਦੇ ਹਾਂ। ਸੰਗੀਤ ਅਚਾਰੀਆ ਸ੍ਰੀ ਬੈਜੂ ਬਾਵਰਾ ਜੀ ਜੋ ਕਿ ਤਾਨਸੇਨ ਦੇ ਗੁਰ ਭਾਈ ਸਨ ਅਤੇ ਠਾਕੁਰ ਹਰੀਦਾਸ ਸੁਆਮੀ ਜੀ ਦੇ ਸ਼ਿਸ਼ ਸਨ ਉਨ੍ਹਾਂ ਨੇ ਇਕ ਪੰਗਤੀ ਕਹੀ ਹੈ (ਪ੍ਰਿਥਮੇ ਆਦਿ ਨਾਦਿ ਸ਼ਿਵ ਸ਼ਕਤੀ ਪ੍ਰਮੇਸ਼ਵਰਹ) ਅਰਥਾਤ - ਕਿ ਨਾਦ, ਅਵਾਜ਼ ਹੀ, ਸੁਰ ਹੀ ਪ੍ਰਮੇਸ਼ਰ ਦੀ ਸ਼ਿਵ ਸ਼ਕਤੀ ਹੈ (ਸੁਰ ਹੀ ਪ੍ਰਮੇਸ਼ਰ ਹੈ) ਸੰਗੀਤ ਰਤਨਾਕਾਰ ਗ੍ਰੰਥ ਵਿਚ ਇਕ ਸਲੋਕ ਹੈ (ਚੈਤਨਸ ਸਰਵ ਭੂਤਾਨਮ ਵਿਵ੍ਰਤ ਜਗਦਾਤਮਨਹ। ਨਾਦ ਬ੍ਰਹਮ ਤਦਾਨੰਦ ਮਾਦ੍ਵਿਤੀਯ ਮਪਾਸਮਹ) ਅਰਥਾਤ ਨਾਦ ਹੀ ਆਪੇ ਪੈਦਾ ਹੋਣ ਵਾਲੀ ਹਸਤੀ ਹੈ, ਨਾਦ ਹੀ ਭੂਤਨਾਮ ਹੈ, ਨਾਦ ਹੀ ਬ੍ਰਹਮ ਹੈ, ਨਾਦ ਹੀ ਜਗਦਾਤਾ ਹੈ ਤੇ ਨਾਦ ਹੀ ਪੈਦਾ ਕਰਨ ਵਾਲਾ ਹੈ। ਬ੍ਰਹਮਾ ਜੀ ਨੇ ਨਾਦ ਦੀ ਕੀਰਤੀ ਵਿਚ ਇਕ ਕਬਿਤ ਲਿਖਿਆ ਹੈ, ਉਸ ਦਾ ਹਿੰਦੀ ਅਨੁਵਾਦ ਹੈ ***(ਆਦਿ ਓਅੰਕਾਰ ਰੂਪ, ਨਾਦ ਐਹਲਾਦ ਕਰ, ਵਿਧਿ ਵਿਧਿ ਗਾਇਓ, ਵਿਪ ਵੇਦਨ ਵਿਧਾਨ ਮੇਂ। ਭੀਨੀਭੀਨੀ ਬੀਨ ਮੇਂ, ਪ੍ਰਵੀਨ ਰਿਗ ਨਾਰਦ ਮੇਂ, ਗਾਇਓ ਰਸ ਲੀਨ, ਜੋ ਨਵੀਨ ਗੁਣ ਗਿਆਨ ਮੇਂ, ਕਹੇ ਰਵਿਰਾਜ ਸਿਧ, ਨਾਗ ਨਰ ਕਿਨਰੀਓ, ਰਾਗ ਬਸ ਰਸਿਕ, ਚਤੁਰ ਸ਼ੁਭ ਤਾਨ ਮੇਂ॥ ਸੋ ਹੈਂ ਵਡਭਾਗੀ, ਬਸਹੇਂ ਰਾਗ ਕੇ ਸੁਹਾਗੀ, ਜੋ ਨਰ ਰਾਗ ਸੇ ਨਾ ਰਾਜ਼ੀ, ਸੋ ਅਭਾਗੀ ਹੈਂ ਜਹਾਨ ਮੇਂ।)*** ਸੋ ਇਹ ਪੱਕੇ ਨਿਸ਼ਚੇ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ ਸੁਰ ਦੀ ਅਵਾਜ਼ ਜਿਥੇ ਜਿਥੇ ਵੀ ਗੂੰਜਦੀ ਹੈ, ਉਸ ਥਾਂ ਦਾ ਵਾਤਾਵਰਨ ਹੀ ਪਵਿੱਤਰ ਹੋ ਜਾਂਦਾ ਹੈ ਤੇ ਸਮਾਂ ਸੁਹਾਵਣਾ ਹੋ ਜਾਂਦੈ। (ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ) ਜਿਸ ਦੇ ਵੀ ਕੰਨਾਂ ਵਿਚ ਇਹ ਸੁਰ ਦੀ ਅਵਾਜ਼ ਪੈਂਦੀ ਹੈ, ਓਹੋ ਹੀ ਮੰਤਰ ਮੁਗਧ ਹੋ ਜਾਂਦੈ। ਇਤਿਹਾਸ ਵਿਚ ਜ਼ਿਕਰ ਹੈ ਕਿ ਸੰਸਾਰ ਵਿਚ ਤਿੰਨ ਹਸਤੀਆਂ ਨੂੰ ਸੰਗੀਤ ਦਾ ਅਵਤਾਰ ਕਰਕੇ ਮੰਨਿਆ ਜਾਂਦਾ ਹੈ। ਇਹ ਹਸਤੀਆਂ 1) ਸ੍ਰੀ ਕ੍ਰਿਸ਼ਨ ਭਗਵਾਨ ਜੀ, 2) ਗੁਰੂ ਨਾਨਕ ਦੇਵ ਜੀ ਅਤੇ 3) ਸਵਾਮੀ ਹਰੀਦਾਸ ਜੀ। ਇਨ੍ਹਾਂ ਤਿੰਨਾਂ ਹਸਤੀਆਂ ਬਾਰੇ ਇਹ ਗੱਲ ਪ੍ਰਸਿਧ ਹੈ ਕਿ ਜਦੋਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਬੰਸਰੀ ਦੀ ਮੁਰਲੀ ਦੀ ਧੁਨ ਕੱਢਦੇ ਸਨ ਜਾਂ ਸੰਗੀਤ ਛੇੜਦੇ ਸਨ ਅਤੇ ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਦੀ ਰਬਾਬ ਨਾਲ

ਗਾਉਂਦੇ ਸਨ ਜਾਂ ਜਦੋਂ ਸਵਾਮੀ ਹਰੀਦਾਸ ਜੀ ਬ੍ਰਿੰਦਾਬਨ ਦੇ ਜੰਗਲ ਵਿਚ ਸੰਗੀਤ ਦੀ ਧੁਨ ਛੇੜਦੇ ਸਨ ਤਾਂ ਉਦੋਂ ਜੰਗਲ ਦੇ ਸਭ ਜੀਵ ਸੰਗੀਤ ਸੁਣ ਕੇ ਮੰਤਰ ਮੁਗਧ ਹੋ ਕੇ ਆਪਣਾ ਵੈਰ ਭਾਵ ਭੁਲ ਕੇ ਸੰਗਤ ਰੂਪ ਵਿਚ ਸਾਰੇ ਇਕੱਠੇ ਬੈਠ ਕੇ ਕੀਰਤਨ ਤੇ ਸੰਗੀਤ ਸੁਣਨ ਵਿਚ ਮਸਤ ਹੋ ਜਾਂਦੇ ਸਨ।

*425, ਗਲੀ ਨੰ: 1, ਨਿਊ ਬਸੰਤ ਵਿਹਾਰ,*
*ਕਾਕੋਵਾਲ ਰੋਡ, ਲੁਧਿਆਣਾ*

# ਸਨਮਾਨ ਪੱਤਰ - 'ਸਿੰਘ ਬੰਧੂ' ਸ. ਸੁਰਿੰਦਰ ਸਿੰਘ ਜੀ

## ਡਾ. ਗੁਰਨਾਮ ਸਿੰਘ

ਵਿਸ਼ਵ ਵਿਖਿਆਤ ਸ਼ਾਸਤਰੀ ਗਾਇਕ 'ਸਿੰਘ ਬੰਧੂ' ਸ. ਸੁਰਿੰਦਰ ਸਿੰਘ ਨੇ ਜਿਥੇ ਸ਼ਾਸਤਰੀ ਗਾਇਨ ਦੇ ਖੇਤਰ ਵਿਚ ਆਪਣਾ ਵਿਲੱਖਣ ਸਥਾਨ ਬਣਾਇਆ ਹੈ ਉਥੇ ਆਪ ਜੀ ਦਾ ਗੁਰਮਤਿ ਸੰਗੀਤ ਦੀ ਪਛਾਣ ਸਥਾਪਤ ਕਰਨ ਵਿਚ ਵੀ ਵਿਸ਼ੇਸ਼ ਯੋਗਦਾਨ ਸਿੱਖ ਜਗਤ ਤੋਂ ਭੁਲਿਆ ਨਹੀਂ। ਸਮੁੱਚੇ ਸੰਗੀਤ ਜਗਤ ਵਿਚ ਪ੍ਰਸਿਧ ਟੀ ਵੀ ਪ੍ਰੋਗਰਾਮ 'ਗਾਵਹੁ ਸਾਚੀ ਬਾਣੀ' ਦੇ ਰੂਪ ਵਿਚ ਗੁਰਮਤਿ ਸੰਗੀਤ ਦੀ ਰਾਗਾਤਮਕ ਕੀਰਤਨ ਪ੍ਰੰਪਰਾ ਦੀ ਨਿਵੇਕਲੀ ਪਛਾਣ ਬਣਾ ਕੇ ਆਪ ਜੀ ਨੇ ਪੰਥ ਦੀ ਮਹਾਨ ਸੇਵਾ ਕੀਤੀ ਹੈ। ਸ. ਸੁਰਿੰਦਰ ਸਿੰਘ 'ਸਿੰਘ ਬੰਧੂ' ਦਾ ਜਨਮ 10 ਅਪ੍ਰੈਲ 1938 ਨੂੰ ਪਿਤਾ ਗੋਬਿੰਦ ਸਿੰਘ ਦੇ ਘਰ ਮਾਤਾ ਸੁਸ਼ੀਲ ਕੌਰ ਦੀ ਕੁੱਖੋਂ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਆਪ ਨੇ ਸੰਗੀਤ ਦੀ ਤਾਲੀਮ ਆਪਣੇ ਵੱਡੇ ਭਰਾ ਪ੍ਰਿੰਸੀਪਲ ਜੀ. ਐਸ. ਸਰਦਾਰ ਅਤੇ ਸਵਰਗੀ ਪਦਮ ਭੂਸ਼ਨ ਉਸਤਾਦ ਅਮੀਰ ਖਾਨ ਸਾਹਿਬ ਤੋਂ ਪ੍ਰਾਪਤ ਕੀਤੀ।

ਸ਼ਾਸਤਰੀ ਗਾਇਨ ਦੇ ਖੇਤਰ ਵਿਚ ਆਪ ਜੀ ਨੇ ਆਪਣੇ ਭਰਾ ਸ. ਤੇਜਪਾਲ ਸਿੰਘ ਨਾਲ ਵਿਖੱਲਣ ਸਥਾਨ ਬਣਾਇਆ। ਸਮੁੱਚਾ ਸੰਗੀਤ ਜਗਤ ਆਪ ਜੀ ਦੇ ਮੌਲਿਕ, ਪੁਖਤਾ ਘਰਾਣੇਦਾਰ ਗਾਇਨ ਦਾ ਕਾਇਲ ਹੈ। ਆਪ ਨੇ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਦੇ ਟਾਪ ਗ੍ਰੇਡਿਡ ਆਰਟਿਸਟ ਹੋਣ ਦੇ ਨਾਤੇ ਰਾਸ਼ਟਰੀ ਪੱਧਰ ਦੇ ਪ੍ਰੋਗਰਾਮ ਦਿੱਤੇ ਹਨ। ਭਾਰਤ ਦੀਆਂ ਅਨੇਕਾਂ ਰਿਕਾਰਡਿੰਗ ਕੰਪਨੀਆਂ ਵਲੋਂ ਆਪ ਦੇ ਐਲ ਪੀ ਰਿਕਾਰਡ ਸੰਗੀਤ ਕੈਸਟਾਂ ਅਤੇ ਸੀ ਡੀਆਂ ਰਿਲੀਜ਼ ਹੋ ਚੁੱਕੀਆਂ ਹਨ। ਆਪ ਨੂੰ ਆਲ ਇੰਡੀਆ ਰੇਡੀਓ ਦੇ ਮਿਊਜ਼ਿਕ ਐਡੀਸ਼ਨ ਬੋਰਡ ਅਤੇ ਕਲਚਰਲ ਸਕਾਲਰਸ਼ਿਪ ਸੁਸਾਇਟੀ, ਪਟਿਆਲਾ ਦੀ ਗੁਰਮਤਿ ਸੰਗੀਤ ਵਿਕਾਸ ਕਮੇਟੀ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਹਨ।

'ਸਿੰਘ ਬੰਧੂ' ਸ. ਸੁਰਿੰਦਰ ਸਿੰਘ ਜੀ ਨੂੰ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਸੰਗੀਤ ਨਾਟਕ ਅਕਾਦਮੀ ਵਲੋਂ ਸ਼ਾਸਤਰੀ ਗਾਇਨ ਐਵਾਰਡ, ਅਤੇ ਦਿੱਲੀ ਸਰਕਾਰ ਵਲੋਂ ਸਾਹਿਤਯ ਕਲਾ ਪ੍ਰੀਸ਼ਦ ਐਵਾਰਡ, ਪੰਜਾਬੀ ਅਕਾਦਮੀ ਐਵਾਰਡ, ਖਾਲਸਾ ਤ੍ਰੈ ਸ਼ਤਾਬਦੀ ਐਵਾਰਡ, ਉਸਤਾਦ ਅਮੀਰ ਖਾਨ ਐਵਾਰਡ ਅਤੇ ਪੰਜਾਬ ਸਰਕਾਰ ਵਲੋਂ ਅਜ਼ਾਦੀ ਦਿਵਸ ਸਨਮਾਨ, ਭਾਈ ਵੀਰ ਸਿੰਘ ਐਵਾਰਡ ਅਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਸਮੇਤ ਅਨੇਕ ਸੰਸਥਾਵਾਂ ਵਲੋਂ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ। ਆਪ ਨੇ ਅਫਗਾਨਿਸਤਾਨ, ਅਸਟਰੇਲੀਆ, ਬੈਲਜ਼ੀਅਮ, ਡੈਨਮਾਰਕ, ਇੰਗਲੈਂਡ, ਫਰਾਂਸ, ਜਰਮਨੀ, ਹਾਲੈਂਡ, ਪੋਲੈਂਡ ਅਤੇ ਬੈਂਕਾਕ ਆਦਿ ਦੇਸ਼ਾਂ ਵਿਚ ਆਪਣੀਆਂ ਪੇਸ਼ਕਾਰੀਆਂ ਦੁਆਰਾ ਭਰਪੂਰ ਨਾਮਣਾ ਖੱਟਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੀ ਕੌਮ ਵਲੋਂ ਪੰਥ ਦੇ ਪ੍ਰਮੁੱਖ ਕੀਰਤਨੀਏ 'ਸਿੰਘ ਬੰਧੂ' ਸ. ਸੁਰਿੰਦਰ ਸਿੰਘ ਜੀ ਦੀਆਂ ਗੁਰਮਤਿ ਸੰਗੀਤ ਪ੍ਰਤੀ ਸੇਵਾਵਾਂ ਨੂੰ ਮੁੱਖ ਰਖਦਿਆਂ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਰੋਹਾਂ ਦੇ ਅਵਸਰ ਉਤੇ ਸਨਮਾਨਤ ਕੀਤਾ ਗਿਆ।

*ਪ੍ਰੋ: ਤੇ ਮੁਖੀ ਗੁਰਮਤਿ ਸੰਗੀਤ ਚੇਅਰ, ਸੰਗੀਤ*
*ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਸਿਫਤ ਸਲਾਹ, ਨਾਮ ਤੇ ਅਨਹਦ ਸ਼ਬਦ

ਸੋਹਣ ਸਿੰਘ

ਗੁਰੂ ਅਰਜਨ ਸਾਹਿਬ ਨੇ ਜਦੋਂ ਆਦਿ ਗ੍ਰੰਥ ਨੂੰ ਸੰਪੂਰਨ ਕੀਤਾ ਤਾਂ ਇਨ੍ਹਾਂ ਨੂੰ ਪੋਥੀ ਪ੍ਰੇਮਸ਼ਰ ਕਰਕੇ ਸੰਬੋਧਨ ਕੀਤਾ ਸੀ। ਇਸ ਵਿਚ ਜੋ ਅਧਿਆਤਮਕ ਰਸ ਭਰਿਆ ਉਹਨੂੰ ਸੰਖੇਪ ਤੌਰ ਤੇ ਮੁੰਦਾਵਣੀ (ਬੁਝਾਰਤ) ਰਾਹੀਂ ਆਖਰੀ ਸ਼ਬਦ ਵਿਚ ਅੰਕਿਤ ਕੀਤਾ॥

ਥਾਲ ਵਿਚਿ ਤਿਨਿ ਵਸਤੂ ਪਾਇਓ ਸਤੁ ਸੰਤੋਖ ਵੀਚਾਰੋ॥

ਅੰਮ੍ਰਿਤ ਨਾਮੁ ਠਾਕੁਰ ਕਾ ਪਾਇਓ ਜਿਸ ਕਾ ਸਭਸੁ ਅਧਾਰੋ॥

ਇਸ ਤੋਂ ਸਾਫ ਜ਼ਾਹਰ ਹੈ ਕਿ ਪ੍ਰਭੂ ਦੇ ਅੰਮ੍ਰਿਤ ਨਾਮ ਦੀ ਪ੍ਰਾਪਤੀ ਲਈ ਸਤ, ਸੰਤੋਖ ਤੇ ਵਿਚਾਰ ਧਾਰਾ ਦੀ ਲੋੜ ਹੈ। ਇਨ੍ਹਾਂ ਗੱਲਾਂ 'ਚ ਜਦੋਂ ਤਕ ਮਨੁੱਖ ਪਰਪੱਕ ਨਹੀਂ ਹੁੰਦਾ, ਓਨਾ ਚਿਰ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਤ ਤੋਂ ਭਾਵ ਤਾਂ ਕੇਵਲ ਸਚ ਅਚਾਰ ਹੀ ਲਿਆ ਜਾ ਸਕਦਾ ਹੈ ਜਿਸ ਰਾਹੀਂ ਮਨੁੱਖ ਦੀ ਕਰਨੀ, ਕਹਿਣੀ ਤੇ ਵਿਉਹਾਰ ਸੱਚਾਈ ਤੇ ਨਿਰਭਰ ਹੋਵੇ। ..... ਧਰਮ ਦੀ ਵੀ ਇਹੀ ਹੀ ਪ੍ਰੀਭਾਸ਼ਾ ਹੈ। ਜਦੋਂ ਇਨ੍ਹਾਂ ਧਾਰਨਾ 'ਚ ਮਨੁੱਖ ਪਰਪੱਕ ਹੋ ਜਾਵੇ ਤਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੇ ਕਾਬੂ ਪਾਉਣਾ ਜਾਂ ਅਨੁਸ਼ਾਸ਼ਨਿਕ ਤੌਰ ਤੇ ਵਰਤਣਾ ਸੁਭਾਵਕ ਹੋ ਸਕੇਗਾ ਤਾਂ ਫਿਰ ਸੰਤੋਖ ਦੀਆਂ ਲਹਿਰਾਂ ਮਨੁੱਖ ਦੇ ਮਨ ਤੇ ਛਾ ਜਾਣਗੀਆਂ। ਵਾਧੂ ਆਸਾ ਮਨਸਾ ਤੇ ਮਾਇਆ ਦ੍ਰਿਸ਼ਟੀ ਦਾ ਭੋਗ ਪਵੇਗਾ ਤੇ ਮਨੁੱਖ ਦੀ ਵੀਚਾਰ ਧਾਰਾ ਸਾਧੂ ਬ੍ਰਿਤੀ ਵਾਲੀ ਬਣੇਗੀ। ਇਸ ਉਪਰੰਤ ਹੀ ਅੰਮ੍ਰਿਤ ਜੋ ਸਾਰੇ ਜਗਤ ਦਾ ਅਧਾਰ ਹੈ ਦਾ ਸੁਭਾਗ ਮਿਲ ਸਕੇਗਾ।

ਗੁਰੂ ਅਮਰਦਾਸ ਸਾਹਿਬ ਨੇ ਅੰਮ੍ਰਿਤ ਬਾਣੀ ਅਨੰਦ ਸਾਹਿਬ ਵਿਚ ਆਪਣੀ ਰਾਏ ਇਸ ਤਰ੍ਹਾਂ ਪ੍ਰਗਟ ਕੀਤੀ ਹੈ:

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥
ਨਾਮ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ।।

ਗੁਰੂ ਸਾਹਿਬ ਨੇ ਤਾਂ ਪਰਮਸ਼ਕਤੀ ਦੀ ਸਿਫਤ ਸਲਾਹ ਰਾਹੀਂ ਨਾਮ ਦੀ ਪ੍ਰਾਪਤੀ ਦਾ ਰਸਤਾ ਦਸਿਆ। ਪ੍ਰਮਾਤਮਾ ਦੀ ਸਿਫਤ ਸਲਾਹ , ਮਨੋ ਬਿਰਤੀ ਰਾਹੀਂ, ਜਬਾਨ ਰਾਹੀਂ, ਲਿਖਤ ਰਾਹੀਂ, ਕੀਰਤਨ ਰਾਹੀਂ, ਅਤੇ ਕਿਰਤ ਰਾਹੀਂ ਹੋ ਸਕਦੀ ਹੈ।

ਗੁਰੂ ਰਾਮ ਦਾਸ ਜੀ ਨੇ ਵੀ ਪ੍ਰਮਾਤਮਾ ਦੇ ਗੁਣਾਂ ਦੇ ਗਾਇਨ ਕਰਨ ਰਾਹੀਂ ਹੀ ਅਨਹਦ ਸ਼ਬਦ ਤਕ ਪਹੁੰਚ ਦਰਸਾਈ ਹੈ।

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ
ਤਿਤੁ ਗ੍ਰਿਹੇ ਵਾਜੇ ਪੰਚ ਸਬਦ ਵਡਭਾਗ ਮਥੋਰਾ॥
ਤਿਨ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ
ਸਭ ਰੋਗ ਗਏ ਕਾਮੁ ਕ੍ਰੋਧ ਲੋਭੁ ਮੋਹੁ ਅਭਿਮਾਨ ਗਏ
ਤਿਨ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ॥
ਪੰਨਾ 2201 ਪਾਤਸ਼ਾਹੀ 4

ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿਚ ਪ੍ਰਮਾਤਮਾ ਦੀ ਸਿਫਤ ਸਲਾਹ ਕਰਨ ਵਾਲੇ ਨੂੰ ਬਾਦਸ਼ਾਹਾਂ ਦੇ ਬਾਦਸ਼ਾਹ ਦਾ ਰੁਤਬਾ ਦਿੱਤਾ ਹੈ।

ਜਿਸ ਨੋ ਬਖਸੇ ਸਿਫਤਿ ਸਲਾਹ
ਨਾਨਕ ਪਾਤਸਾਹੀ ਪਾਤਸਾਹ॥

ਗੁਰੂ ਸਾਹਿਬ ਨੇ ਇਹ ਵੀ ਫੁਰਮਾਇਆ ਹੈ ਕਿ ਪ੍ਰਭੂ ਦੇ ਗੁਣ ਗਾਉਣ ਤੋਂ ਬਗੈਰ ਭਗਤੀ ਨਹੀਂ ਹੋ ਸਕਦੀ।

ਸਭਿ ਗੁਣ ਤੇਰੇ ਮੈ ਨਾਹੀ ਕੋਈ
ਵਿਣ ਗੁਣ ਕੀਤੇ ਭਗਤਿ ਨ ਹੋਇ॥

ਸਿਫਤ ਉਸ ਸ਼ੈ ਦੀ ਕੀਤੀ ਜਾ ਸਕਦੀ ਹੈ ਜੋ ਨਜ਼ਰ ਆਵੇ ਜਾਂ ਅਨੁਭਵ ਹੋ ਸਕੇ। ਪ੍ਰੰਤੂ ਪ੍ਰਮਾਤਮਾ ਤਾਂ ਨਿਰ ਅਕਾਰ ਹੈ । ਉਸ ਦੇ ਅਨਹਦ ਸ਼ਬਦ ਜੋ ਸਾਰੇ ਬ੍ਰਹਿਮੰਡ ਵਿਚ ਰਾਗ ਮਈ ਮਠਾਸ ਅਤੇ ਬੇਅੰਤ ਸਾਜ਼ਾਂ ਦੀਆਂ ਅਵਾਜ਼ਾਂ ਰਾਹੀਂ ਭਰਪੂਰ ਹਨ ਉਹ ਆਮ ਮਨੁੱਖ ਨੂੰ ਸੁਣਦੇ ਨਹੀਂ। ਇਲਾਹੀ ਸੁਗੰਧਿਤ ਭਰਿਆ ਸੀਤਲ ਪ੍ਰਕਾਸ਼ ਵੀ ਮਾਇਆ ਵਿ ਖੱਚਤ ਮਨੁੱਖ ਨੂੰ ਨਹੀਂ ਦਿਸਦਾ। ਇਸ ਲਈ ਪ੍ਰਮਾਤਮਾ ਦੀ ਸਿਫਤ ਕਰਨੀ ਅਤੀ ਕਰੜਾ ਕੰਮ ਹੈ। ਪ੍ਰੰਤੂ ਪ੍ਰਮਾਤਮਾ ਦੀ ਕਲਾ ਜੋ ਕੁਦਰਤ ਰਾਹੀਂ ਜ਼ਾਹਰਾ ਜਹੂਰ ਹੈ ਉਸ ਦੀ ਉਸਤਤ ਕਰਨ ਵਿਚ ਮਨੁੱਖ ਦਾ ਮਨ ਲਗ ਸਕਦਾ ਹੈ ਜੇ ਉਹ ਆਪਣੀ ਦ੍ਰਿਸ਼ਟੀ ਕੋਣ ਖੁਬਵੀਂ ਅਪਣਾਵੇ। ਕੁਦਰਤ ਬ੍ਰਹਮ (ੳ) ਦਾ ਸਰਗੁਨ ਸਰੂਪ ਹੈ। ਗੁਰੂ ਨਾਨਕ ਸਾਹਿਬ ਨੇ ਪ੍ਰੇਮ ਸ਼ਕਤੀ ਨੂੰ ਪੂਰਨ ਤੌਰ ਤੇ ਸਪਸ਼ਟ ਕਰਨ ਲਈ ਓਅੰਕਾਰ (ੳ ਅੰ ਕਾਰ) ਸ਼ਬਦ ਘੜਿਆ ਜਿਸ ਰਾਹੀਂ ਪ੍ਰੇਮ ਸ਼ਕਤੀ ਦਾ ਨਿਰਗੁਨ ਤੇ ਸਰਗੁਨ ਸਰੂਪ ਦੋਵੇਂ ਇਕੱਠੇ ਕਰ ਦਰਸਾਏ ਤੇ ਇਸ ਸ਼ਬਦ

ਨਾਲ (੧) ਲਗਾ ਕੇ ਪ੍ਰਭੂ ਦੀ ਅਰਾਧਨਾ ਕਰਨ ਦਾ ਵੀ ਉਪਦੇਸ਼ ਦਿੱਤਾ। ਏਹੀ ਇਕ ਸ਼ਬਦ ਹੈ ਜਿਸ ਰਾਹੀਂ ਸਾਰੇ ਬ੍ਰਹਿਮੰਡਾਂ ਦੀ ਸਥਾਪਨਾ ਪ੍ਰਮਾਤਮਾ ਨੇ ਕੀਤੀ। ਹਵਾ, ਪਾਣੀ, ਧਰਤੀ, ਬਨਸਪਤੀ , ਜੀਵ ਜੰਤੂ ਅਕਾਰ ਵਿਚ ਆਏ। ਬ੍ਰਹਮਾ, ਬਿਸਨ, ਮਹੇਸ਼ ਦੇਵਤਿਆਂ ਨੂੰ ਇਨ੍ਹਾਂ ਦਾ ਅਨੁਸ਼ਾਸਨ ਚਲਾਉਣ ਦੀ ਡਿਊਟੀ ਲਗਾਈ। ਪ੍ਰਮਾਤਮਾ ਨੇ ਇਨ੍ਹਾਂ ਵਿਚ ਆਪਣੀ ਕਲਾ ਭਰ ਕੇ ਪੂਰੇ ਅਨੁਸ਼ਾਸਨ ਵਿਚ ਰਖਦਿਆਂ ਹੋਇਆਂ ਇਸ ਨੂੰ ਅਨੇਕਾਂ ਖੇਡਾਂ ਵਿਚ ਰੁਝਾ ਦਿੱਤਾ ਹੈ। ਇਨ੍ਹਾਂ ਸ਼ਕਤੀਆਂ ਨੂੰ ਜੇ ਮਨੁੱਖ ਡੂੰਘਾਈ ਨਾਲ ਦੇਖੇ ਜਾਂ ਅਨੁਭਵ ਕਰੇ ਜਿੱਦਾਂ ਕਿ ਖੋਲੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਬੇਅੰਤ ਸ਼ਬਦਾਂ ਰਾਹੀਂ ਦਰਸਾਇਆ ਹੈ ਤਾਂ ਉਹ ਵਾਹ ਵਾਹ ਦੀ ਸਥਿਤੀ ਵਿਚ ਲੀਨ ਹੋ ਸਕਦਾ ਹੈ। ਕੁਦਰਤ ਦੀ ਸਿਫ਼ਤ ਸਲਾਹ ਦਾ ਗੁਰੂ ਸਾਹਿਬ ਦਾ ਨਮੂਨਾ ਇਹ ਹੈ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।

**ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ**

**ਅਨਹਤਾ ਸ਼ਬਦਾ ਵਾਜੰਤ ਤੇਰੀ।..................**

**(ਕੀਰਤਨ ਸੋਹਲਾ)**

**ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾ ਪ੍ਰਤੀ ਕੁਦਰਤੀ ਆਰਤੀ ਹੁੰਦੀ ਦਰਸਾਈ ਹੈ, ਕਿ ਆਸਮਾਨ ਇਕ ਥਾਲ ਵਿਚ ਚੰਦ ਤੇ ਸੂਰਜ ਦੋ ਦੀਵੇ ਹਨ ਤੇ ਤਾਰੇ ਮੋਤੀਆਂ ਦਾ ਮੰਡਲ ਬਣਿਆ ਹੋਇਆ ਹੈ। ਪਹਾੜੇ ਵਲੋਂ ਸੁਗੰਧੀ ਭਰੀ ਹਵਾ ਚੌਰ ਝੁਲਾ ਰਹੀ ਹੈ ਸਾਰੀ ਬਨਸਪਤੀ ਫੁੱਲਾਂ ਸਮੇਤ ਤੇਰੀ ਆਰਤੀ ਕਰ ਰਹੀ ਹੈ। ਅਨਹਦ ਸ਼ਬਦਾਂ ਨਾਲ, ਜੋ ਮਿੱਠੇ ਰਾਗਾਂ ਤੇ ਸਾਜ਼ਾਂ ਦੀਆਂ ਅਵਾਜ਼ਾਂ ਨਾਲ ਭਰਪੂਰ ਹੈ। ਨੋਬਲ ਪਰਾਈਜ਼ ਜੇਤੂ ਰਾਬਿੰਦਰ ਨਾਥ ਟੈਗੋਰ ਨੇ ਇਸ ਸ਼ਬਦ ਨੂੰ ਬਹੁਤ ਸਲਾਹਿਆ ਹੈ।**

ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਕੁਦਰਤ ਦੀ ਸਿਫ਼ਤ ਸਲਾਹ ਕਰਦੀ ਹੋਈ ਪ੍ਰਭੂ ਪ੍ਰੀਤਮ ਨਾਲ ਜੋੜਦੀ ਹੈ। ਜਪੁਜੀ ਸਾਹਿਬ, ਆਸਾ ਦੀ ਵਾਰ, ਓਅੰਕਾਰ , ਬਾਰਾਂ ਮਾਹ, ਬਾਣੀਆਂ ਇਸ ਦ੍ਰਿਸ਼ਟੀ ਕੋਣ ਪ੍ਰਤੀ ਕਮਾਲ ਹਨ ਜੋ ਬਹੁਤੀਆਂ ਰਾਗਾਂ ਤੇ ਸਾਜ਼ਾਂ ਰਾਹੀਂ ਗਾਈਆਂ ਗਈਆਂ ਹਨ।

ਗੁਰੂ ਸਾਹਿਬਾਂ ਤੇ ਭਗਤਾਂ ਨੇ ਆਪਣੇ ਮਨ ਨੂੰ ਪ੍ਰਭੂ ਦੀ ਸਿਫ਼ਤ ਸਲਾਹ 'ਚ ਜੋੜਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਵਿਚ ਕੁਦਰਤ 'ਚ ਰੱਬੀ ਵਰਤ ਰਹੀ ਕਲਾ ਦੀਆਂ ਮਿਸਾਲਾਂ ਦੇ ਦੇ ਕੇ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਣ ਦੀ ਕੋਸ਼ਿਸ਼ ਕੀਤੀ ਹੈ।

ਫਰੀਦਾ ਹਉ ਬਲਹਾਰੀ ਤਿਨ ਪੰਖੀਆਂ ਜੰਗਲ ਜਿਨਾ ਵਾਸ॥

ਕਕਰ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ ਪੰਨਾ 1383

ਜਉ ਤੁਮ ਗਿਰਵਰ ਤਉ ਹਮ ਮੋਰਾ। ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥

ਜਉ ਤੁਮ ਦੀਵਰਾ ਤਉ ਹਮ ਬਾਤੀ। ਜਉ ਤੁਮ ਤੀਰਥ ਤਉ ਹਮ ਜਾਤੀ॥

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ। ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ਪੰਨਾ 658 ਰਵਿਦਾਸ ਜੀ

ਚਾਤ੍ਰਕ ਮੋਰ ਬੋਲਤ ਦਿਨ ਰਾਤੀ ਸੁਨਿ ਘਨਿਹਰ ਕੀ ਘੋਰ॥

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

ਨਾਨਕ ਜਸ ਹਰਿ ਕੀਰਤਿ ਗਾਈ ਛੂਟਿ ਗਇਓ ਜਮ ਕਾ ਸਭ ਸੋਰ॥ ਪੰਨਾ 1265

ਤੂ ਜਲਨਿਧਿ ਹਮ ਮੀਨ ਤੁਮਾਰੇ। ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ।

ਜਿਉ ਬਾਰਿਕ ਪੀ ਖੀਰ ਅਘਾਵੈ। ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ॥

ਤ੍ਰਿਖਾ ਵੰਤੁ ਜਲੁ ਪੀਵਤ ਠੰਡਾ ਤਿਉ ਹਰਿ ਸੰਗਿ ਇਹੁ ਮਨ ਭੀਨਾ ਜੀਉ॥ ਪੰਨਾ 100

ਕਾਲੀ ਕੋਇਲ ਤੂ ਕਿਤ ਗੁਣ ਕਾਲੀ।

ਆਪਣੇ ਪ੍ਰੀਤਮ ਕੇ ਹਉ ਬਿਰਹੈ ਜਾਲੀ।

ਪੰਨਾ 794 ਕਬੀਰ ਜੀ

ਸ਼ਾਸਤਰੀ ਸੰਗੀਤ ਪ੍ਰਭੂ ਦੀ ਸਿਫਤ ਸਲਾਹ ਕਰਨ ਦਾ ਉਤਮ ਤਰੀਕਾ ਗਿਣਿਆ ਗਿਆ ਹੈ। ਇਸੇ ਲਈ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਨੂੰ 62 ਰਾਗਾਂ 'ਚ ਗਾਇਣ ਕਰਕੇ ਉਚਾਰਿਆ ਤੇ ਸਿੱਖਾਂ ਨੂੰ ਸ਼ਾਸਤਰੀ ਰਾਗਾਂ ਦੀ ਵਿਧੀ ਨਾਲ ਕੀਰਤਨ (ਸਿਫਤ ਸਲਾਹ ਕਰਨੀ) ਕਰਨ ਦਾ ਹੁਕਮ ਕੀਤਾ।

ਕੀਰਤਨ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ॥

ਪੰਨਾ 893 ਪਾ: ੫

ਗੁਰੂ ਨਾਨਕ ਸਾਹਿਬ ਨੇ ਤਾਂ ਆਪਣੀ ਸਰੀਰਕ ਜ਼ਿੰਦਗੀ ਵਿਚ ਗਊਆਂ ਚਰਾ ਕੇ, ਮੋਦੀ ਖਾਨਾ ਚਲਾ ਕੇ ਅਤੇ ਖੇਤੀਬਾੜੀ ਰਾਹੀਂ ਕਿਰਤ ਕਰਕੇ ਉਸ ਪ੍ਰਮ ਸ਼ਕਤੀ ਦੀ ਨਾਲ ਨਾਲ ਸਿਫਤ ਸਲਾਹ ਗਾ ਕੇ ਕਰਨੀ ਵੀ

ਸਿਖਾਈ। ਉਨ੍ਹਾਂ ਸਿਧ ਕੀਤਾ ਕਿ ਕਾਰ ਵਿਚਾਰ ਕਰਦਿਆਂ (ਹੱਥ ਕਿਰਤ ਵਿਚ ਤੇ ਸੁਰਤ ਪ੍ਰਭੂ ਵਿਚ) ਕਿੱਦਾਂ ਉਸ ਪ੍ਰਭੂ ਨਾਲ ਜੁੜੀਦਾ ਹੈ ਤੇ ਨਾਮ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਇਕ ਲਿਖਾਰੀ ਵੀ ਪ੍ਰਭੂ ਨਾਲ ਜੁੜ ਸਕਦਾ ਹੈ ਉਹਨੂੰ ਵੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਜੇ ਅਗਰ ਉਹ ਪ੍ਰਭੂ ਦੀ ਸਿਫਤ ਸਲਾਹ ਪ੍ਰਤੀ ਗੱਲਾਂ ਜਾਂ ਗੀਤ ਲਿਖੇ, ਫਜ਼ੂਲ ਲਿਖਤ ਜਾਂ ਕਾਲੇ ਲੇਖ ਨਾ ਲਿਖੇ। ਬਾਬਾ ਫਰੀਦ ਜੀ ਦਾ ਫੁਰਮਾਨ ਹੈ।

ਫਰੀਦਾ ਜੇ ਤੂ ਅਕਲਿ ਲਤੀਫ ਕਾਲੇ ਲਿਖੁ ਨਾ ਲੇਖੁ
ਅਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰਿ ਦੇਖ।

1378 ਫਰੀਦ ਜੀ

ਕੁਦਰਤ ਵਿਚ ਪ੍ਰਮਾਤਮਾ ਦੀ ਕਲਾ ਦੇਖਣ ਜਾਂ ਅਨੁਭਵ ਕਰਨ ਦਾ ਜੇ ਮਨ ਹੋਵੇ ਤਾਂ ਇਹ ਜ਼ਾਹਰਾ ਜ਼ਰੂਰ ਨਜ਼ਰ ਆਉਂਦੀ ਹੈ। ਜਿਸ ਤਰ੍ਹਾਂ

ਇਨਸਾਨ ਦੀ ਬਨਾਵਟ ਮਰਦ ਦੇ ਸ਼ਤਰਾਨੂੰ (1/4,50,000 ਐਮ ਐਲ ਸਾਈਜ਼) ਤੋਂ ਜੋ ਔਰਤ ਦੇ ਅੰਡੇ ਅੰਦਰ ਘੁਸ ਕੇ ਅਰੰਭ ਹੁੰਦੀ ਹੈ। 9 ਮਹੀਨਿਆਂ ਉਪਰੰਤ ਮਾਂ-ਪਿਓ ਜੈਸਾ ਸਾਰੇ ਅੰਗਾਂ ਸਮੇਤ 4-5 ਕਿਲੋ ਦੇ ਅਕਾਰ ਦਾ ਸਰੀਰ ਤੁਹਾਡੇ ਸਾਹਮਣੇ ਮੋਹ ਦਾ ਪੁਤਲਾ ਆ ਖੜਾ ਹੁੰਦਾ ਹੈ। ਇਹ ਕੀ ਸੀ ਤੇ ਕੀ ਬਣ ਗਿਆ ਹੈ? ਕੀ ਇਹ ਪ੍ਰਮ ਸ਼ਕਤੀ ਦੀ ਕਲਾ ਦਾ ਜ਼ਾਹਰਾ ਜ਼ਰੂਰ ਪ੍ਰਦਰਸ਼ਨ ਨਹੀਂ ਹੈ?

ਇਨਸਾਨ ਦੇ ਸਰੀਰ ਵਿੰਚ ਪ੍ਰਮ ਸ਼ਕਤੀ ਨੇ ਅੱਖਾਂ ਵੇਖਣ ਲਈ, ਨੱਕ ਸੁੰਘਣ ਲਈ, ਕੰਨ ਸੁਨਣ ਲਈ, ਜ਼ੁਬਾਨ ਬੋਲਣ ਅਤੇ ਹੱਥ ਪੈਰ ਕੰਮ ਕਰਨ ਲ ਈ ਬਖਸ਼ੇ ਹਨ। ਇਕ ਹੋਰ ਅਨਮੋਲ ਸ਼ਕਤੀ, ਦਿਮਾਗ ਵੀ ਦਿੱਤਾ ਹੈ ਜਿਸ ਕੇ ਹੁਕਮ ਨਾਲ ਸਾਰੇ ਅੰਗ ਹਰਕਤ ਵਿਚ ਆਉਂਦੇ ਹਨ। ਪ੍ਰੰਤੂ ਸਰੀਰ ਵਿਚ ਕੁਝ ਕਿਰਿਆਵਾਂ ਐਸੀਆਂ ਵੀ ਪ੍ਰਭੂ ਨੇ ਬਖਸ਼ੀਆਂ ਹਨ ਜਿਨ੍ਹਾਂ ਤੇ ਦਿਮਾਗ ਦਾ ਪ੍ਰਭਾਵ ਨਹੀਂ ਹੈ ਜਿੱਦਾਂ ਕਿ ਪਾਚਣ ਕਿਰਿਆ, ਲਹੂ ਕਿਰਿਆ, ਸੁਆਸ ਕਿਰਿਆ। ਇਹ ਕਿਰਿਆਵਾਂ ਨੀਂਦ ਵਿਚ, ਕੌਮੇ ਵਿਚ, ਬੇਹੋਸ਼ੀ ਵਿਚ ਵੀ ਆਮ ਦੀ ਤਰ੍ਹਾਂ ਹੀ ਕੰਮ ਕਰੀ ਜਾਂਦੀਆਂ ਹਨ। ਇਨ੍ਹਾਂ ਦਾ ਚਲਣਾ ਹੀ ਸਰੀਰ ਦੇ ਸਾਰੇ ਸੈੱਲ ਕਾਇਮ ਰੱਖਦਾ ਹੈ ਤੇ ਜੀਵ ਜੀਉਂਦਾ ਰਹਿੰਦਾ ਹੈ। ਕੀ ਇਸ ਸਰੀਰ ਦੀ ਐਸੀ ਪੇਚੀਦਾ ਬਨਾਵਟ ਅਨੁਭਵ ਕਰਕੇ ਵੀ ਸਾਨੂੰ ਅਚੰਭਾ ਗ੍ਰਸਤ ਨਹੀਂ ਹੋਣਾ ਬਣਦਾ? ਇਸ ਵਿਚ ਜੋ ਪ੍ਰਮ ਸ਼ਕਤੀ ਦੀ ਕਿਰਨ ਦਾ ਕਮਾਲ ਹੈ ਨੂੰ ਦੇਖ ਕੇ ਮਨ ਵਾਹ ਵਾਹ ਦੀ ਸਥਿਤੀ ਕਾਰਨ ਕਰਨੀ ਕੋਈ ਔਖਾ ਕੰਮ ਨਹੀਂ ਹੈ।

ਰੰਗਾਂ ਰੰਗ ਬਨਸਪਤੀ ਵਿਚ ਰਾਈ ਦੇ ਸਾਈਜ਼ ਦੇ ਬੀਜ ਤੋਂ 50-60 ਫੁੱਟ ਦਾ ਰੁਖ ਬਣ ਜਾਂਦਾ ਹੈ ਤੇ ਉਸ ਤੋਂ ਕਰੋੜਾਂ ਉਹੋ ਜਿਹੇ ਬੀਜ਼ ਮਿਲ ਜਾਂਦੇ ਹਨ। ਜਿਸ ਪੌਦੇ ਜਾਂ ਰੁੱਖ ਨੂੰ ਫੁੱਲ/ਬੀਜ ਨਹੀਂ ਲੱਗਦੇ ਉਨ੍ਹਾਂ ਦੀਆਂ ਕਲਮਾਂ ਤੋਂ ਹੀ ਪੌਦਾ ਬਣ ਜਾਂਦਾ ਹੈ। ਪਿਉਂਦ ਦੀ ਤਰੀਕੇ ਰਾਹੀਂ ਵੀ ਅਗਲਾ ਪੌਦਾ ਬਣਾਇਆ ਜਾਂਦਾ ਹੈ। ਕਈ ਪੌਦਿਆਂ ਦੀਆਂ ਟਹਿਣੀਆਂ (ਪੱਤਿਆਂ ਸਮੇਤ) ਪਾਣੀ ਵਿਚ ਡੁਬੋ ਛੱਡ ਤਾਂ ਮਿੱਟੀ ਤੋਂ ਬਗੈਰ ਹੀ ਜੜ੍ਹਾਂ ਪੁੰਗਰ ਪੈਂਦੀਆਂ ਹਨ ਤੇ ਉਸ ਨੂੰ ਮਿੱਟੀ ਵਿਚ ਦਬਾ ਕੇ ਪੌਦਾ ਬਣਾਇਆ ਜਾਂਦਾ ਹੈ। ਇਹ ਸਭ ਪ੍ਰਮਸ਼ਕਤੀ ਦੀ ਕਲਾ ਦਾ ਕੁਦਰਤ ਰਾਹੀਂ ਕ੍ਰਿਸ਼ਮਾ ਹੀ ਤਾਂ ਹੈ।

ਅਮਰੀਕਾ ਵਿਚ ਕਈ ਥਾਵਾਂ ਤੇ ਇਹੋ ਜਿਹੇ ਰੁੱਖ ਮਿਲਦੇ ਹਨ ਜੋ ਕਈ ਤਰ੍ਹਾਂ ਦੇ ਰੰਗ ਬਦਲਦੇ ਹਨ। ਇਕ ਮੌਸਮ 'ਚ ਇਕ ਰੰਗ ਦੂਸਰੇ ਮੌਸਮ 'ਚ ਦੂਸਰਾ ਤੇ ਤੀਸਰੇ ਮੌਸਮ 'ਚ ਤੀਸਰਾ ਰੰਗ। ਇਹ ਵੀ ਉਸ ਦੀ ਕਲਾ ਦਾ ਪ੍ਰਦਰਸ਼ਨ ਹੈ।

ਜੀਵ ਜੰਤੂਆਂ ਦਾ ਜਦੋਂ ਕਦੀ ਐਕਸੀਡੈਂਟ ਹੁੰਦਾ ਹੈ। ਜ਼ਖ਼ਮ ਹੋ ਜਾਂਦੇ ਹਨ, ਹੱਡੀਆਂ ਟੁੱਟ ਜਾਂਦੀਆਂ ਹਨ। ਡਾਕਟਰ ਹੱਡੀਆਂ ਨੂੰ ਠੀਕ ਥਾਂ ਤੇ ਲਿਆ ਕੇ ਆਹਮੋ ਸਾਹਮਣੇ ਰੱਖ ਪਲਸਤਰ ਕਰ ਦਿੰਦੇ ਹਨ। ਫਟੇ ਮਾਸ ਨੂੰ ਜੋੜ ਕੇ ਟਾਂਕੇ ਲਗਾ ਦਿੰਦੇ ਹਨ। ਕੁਝ ਸਮੇਂ ਉਪਰੰਤ ਹੱਡੀਆਂ ਦੇ ਸੈਲ ਆਪਸ ਵਿਚ ਜੁੜ ਜਾਂਦੇ ਹਨ ਤੇ ਮਾਸ ਦੇ ਸੈਲ ਆਪਸ ਵਿਚ ਅਤੇ ਸਰੀਰ ਸਵਸਥ ਹੋ ਜਾਂਦਾ ਹੈ। ਕੀ ਇਹ ਪ੍ਰਮ ਸ਼ਕਤੀ ਦਾ ਕੁਦਰਤ ਰਾਹੀਂ ਕਰਿਸ਼ਮਾ ਨਹੀਂ ਹੈ।

ਸਾਈਬੇਰੀਆ ਵਿਚ ਕੂੰਜਾਂ ਸਰਦੀ ਰੁੱਤ ਸ਼ੁਰੂ ਹੋਣ ਤੇ ਬੱਚੇ ਦਿੰਦੀਆਂ ਹਨ ਤੇ ਉਨ੍ਹਾਂ ਨੂੰ ਰਾਮ ਭਰੋਸੇ ਛੱਡ ਆਪ ਉਡ ਕੇ ਗਰਮ ਇਲਾਕੇ ਵੱਲ ਆ ਜਾਂਦੀਆਂ ਹਨ। ਕਿਉਂਕਿ ਸਰਦੀ ਕਰਕੇ ਬਰਫ ਪੈਂਦੀ ਹੈ ਤੇ ਖੁਰਾਕ ਮਿਲਣੀ ਮੁਸ਼ਕਿਲ ਹੋ ਜਾਂਦੀ ਹੈ। ਮਛਲੀ, ਕੀੜੇ ਡੂੰਘੇ ਪਾਣੀ ਵਿਚ ਚਲੇ ਜਾਂਦੇ ਹਨ ਤੇ ਕੂੰਜਾਂ ਨੂੰ ਮਿਲਦੇ ਨਹੀਂ। ਗਰਮ ਇਲਾਕਿਆਂ 'ਚ ਜੋ ਵੀ ਕੂੰਜਾਂ ਖਾਦੀਆਂ ਹਨ ਉਨ੍ਹਾਂ ਦਾ ਅਸਰ ਉਨ੍ਹਾਂ ਦੀ ਸੁਰਤ/ਸਿਮਰਨ ਰਾਹੀਂ ਬੱਚਿਆਂ ਤਕ ਪਹੁੰਚਦਾ ਚਲਿਆ ਜਾਂਦਾ ਹੈ।

ਉਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ

ਸਿਮਰਨੁ ਕਰਿਆ॥

ਕੀ ਇਹ ਪ੍ਰਮ ਸ਼ਕਤੀ ਦੀ ਕੁਦਰਤ ਰਾਹੀਂ ਕਮਾਲ ਨਹੀਂ ਹੈ? ਅਚੰਭਾ ਨਹੀਂ ਹੈ?

ਮਨੁੱਖ ਥੋੜਾ ਜਿਹਾ ਵੀ ਅੰਤਰ ਮੁਖੀ ਹੋਵੇ ਤਾਂ ਕੁਦਰਤ ਦੇ ਇਹੋ ਜਿਹੇ ਕ੍ਰਿਸ਼ਮੇ ਵੇਖ ਕੇ ਜਾਂ ਅਨੁਭਵ ਕਰਕੇ ਉਸ ਦੀ ਸਿਫਤ ਸਲਾਹ 'ਚ ਲੱਗ ਜਾਂਦਾ ਹੈ। ਆਪਣੇ ਆਪਣੇ ਅਕੀਦੇ ਅਨੁਸਾਰ ਦਰਸਾਏ ਗਏ ਨਾਮ ਦੇ ਜਪਨ ਰਾਹੀਂ ਪ੍ਰਭੂ ਦੀ ਕਲਾ ਨੂੰ ਮਨ ਵਿਚ ਪੂਰਾ ਉਜਾਗਰ ਕਰਨ ਦੀ ਕੋਸ਼ਿਸ਼ ਵਿਚ ਲਗ ਜਾਂਦਾ ਹੈ, ਭਾਵੇਂ ਉਹ ਅੱਲਾ ਅੱਲਾ ਕਰਕੇ, ਰਾਮ ਰਾਮ ਕਰਕੇ, ਗੌਡ ਗੌਡ ਉਚਾਰ ਕੇ। ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਸਪਸ਼ਟ ਅਖਰਾਂ ਰਾਹੀਂ ਨਾਮ ਦੀ ਪਹਿਚਾਨ ਅਤੇ ਲਾਭ ਇਸ ਪ੍ਰਕਾਰ ਹੈ;

ਹਰਿ ਹਰਿ ਹਰਿ ਹਰਿ ਨਾਮ ਹੈ ਗੁਰਮੁਖਿ ਪਾਵੈ ਕੋਇ।
ਹਉਮੈ ਮਮਤਾ ਨਾਸ ਹੋਇ ਦੁਰਮਤਿ ਕਢੇ ਧੋਇ॥
ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ॥ ਪੰਨਾ 1313 ਪਾ: ੪

ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿਦੁੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿਦੁੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥ ਪੰਨਾ 538 ਪ; ੪

ਮਨ ਤਨ ਅੰਤਰ ਹਰਿ ਹਰਿ ਮੰਤ। ਨਾਨਕ ਭਗਤਨ ਕੈ ਘਰਿ ਸਦਾ ਅਨੰਦ॥ ਪੰਨਾ 802 ਪ: ੫

*ਰਾਮ ਨਾਮ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ।*
*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥*
ਪੰਨਾ 1429 ਪਾ:੯

ਹਰਿ ਹਰਿ - ਉਹ ਸ਼ਕਤੀ ਜੋ ਮਨ ਅਤੇ ਤਨ ਨੂੰ ਹਰਿਆ ਰੱਖਦੀ ਹੈ। ਜੀਵਨ ਤੇ ਮੌਤ ਦਾ ਚਿਨ੍ਹ ਹੈ।

ਰਾਮ ਰਾਮ- ਉਹ ਸ਼ਕਤੀ ਜੋ ਹਰ ਜੀਵ ਵਿਚ ਰਮੀ ਹੋਈ ਹੈ।

ਗੁਰੂ ਸਾਹਿਬਾਂ ਦੇ ਉਪਦੇਸ਼ ਅਨੁਸਾਰ ਜੇ ਇਨ੍ਹਾਂ ਸ਼ਕਤੀਆਂ ਨੂੰ ਹਿਰਦੇ ਵਿਚ ਉਜਾਗਰ ਕਰਨਾ ਹੈ ਤਾਂ ਹਰਿ ਹਰਿ, ਰਾਮ ਰਾਮ ਨਾਵਾਂ ਰਾਹੀਂ ਇਨ੍ਹਾਂ ਨੂੰ ਕੰਠ ਅਤੇ ਹਿਰਦੇ ਵਿਚ ਵਸਾ ਲੈਣਾ ਪਵੇਗਾ ਤਾਂ ਹਊਮੈ ਰੋਗ ਦਾ ਖਾਤਮਾ ਹੋ ਸਕੇਗਾ,, ਜਿਉਂਦੇ ਮਰਨ ਦੀ ਸਟੇਜ ਆ ਸਕੇਗੀ। ਸਭ ਜਗ ਆਪਣਾ ਲਗਾਗਾ। ਸਭ ਸੰਕਟ ਮਿਟ ਜਾਣਗੇ ਤੇ ਮਨੁੱਖ ਸਮਾਧੀ ਲੀਨ ਹੋ ਸਕੇਗਾ। ਤਕ (ੳ) ਓਅੰਕਾਰ ਪ੍ਰਮ ਸ਼ਕਤੀ ਦੀ ਧੁਨ (ਅਨਹਦ ਸ਼ਬਦ) ਜੋ ਬੇਅੰਤ ਰਾਗਾਂ ਤੇ ਸਾਜ਼ਾਂ ਦੀਆਂ ਅਵਾਜ਼ਾਂ ਨਾਲ ਬ੍ਰਹਿਮੰਡ ਵਿਚ ਭਰਪੂਰ ਹੈ, ਸੁਣਾਈ ਦੇਵੇਗੀ ਤੇ ਕਰੋੜਾਂ ਸੂਰਜਾਂ ਵਰਗਾ ਮਿੱਠਾ ਤੇ ਸੀਤਲ ਜਲੌ ਜ਼ਰੂਰ ਨਜ਼ਰ ਆਵੇਗਾ ਜਿਸ ਵਿਚ ਰਮ ਕੇ ਮਨੁੱਖ ਹਮੇਸ਼ਾਂ ਲਈ ਸਮਾ ਜਾਣ ਦੀ ਕੋਸ਼ਿਸ਼ ਵਿਚ ਹੋਵੇਗਾ। ਏਹੀ ਇਕ ਸੁਭਾਗਾ ਸਮਾਂ ਹੋਵੇਗਾ ਜਿਸ ਦੀ ਮਨੁੱਖ ਦੀ ਸਦੀਆਂ ਤੋਂ ਅਭਿਲਾਸ਼ਾ ਸੀ। ਇਸੀ ਧੁਨ ਨੂੰ ਜੇ ਇਕ ਛਿਨ ਵੀ ਸੁਣ ਲਿਆ ਜਾਵੇ ਤਾਂ ਜਪੁਜੀ ਸਾਹਿਬ ਦੀਆਂ ਸੁਣੀਐ ਦੀਆਂ ਚਾਰ ਪੌੜੀਆਂ ਦੀ ਸੱਚਾਈ ਅਵੱਸ਼ ਮਹਿਸੂਸ ਹੋਵੇਗੀ। ਸਾਨੂੰ ਅਰਦਾਸ ਕਰਨੀ ਬਣਦੀ ਹੈ ਕਿ ਪ੍ਰਮ ਸ਼ਕਤੀ ਸਾਨੂੰ ਆਪਣੀ ਸਿਫਤ ਸਲਾਹ ਕਰਨ ਦੀ ਸੁਮੱਤ ਬਖਸ਼ੇ ਤਾਂ ਜੋ ਸਾਨੂੰ ਨਾਮ ਦੀ ਪ੍ਰਾਪਤੀ ਹੋ ਸਕੇ ਤੇ ਅਨਹਦ ਸ਼ਬਦਾਂ ਤਕ ਪਹੁੰਚ ਬਣ ਸਕੇ।

*3027/27 ਡੀ, ਚੰਡੀਗੜ੍ਹ*

# ਸ਼ਬਦ ਤੇ ਪੱਥਰ ਦੀ ਗੁਫਤਗੂ

ਮਨਮੋਹਨ ਸਿੰਘ ਦਾਊਂ

(ਬਾਬੇ ਨਾਨਕ ਦੀ ਯਾਦ 'ਚ ਨਾਨਕਝੀਰਾ (ਬਿਦਰ) ਨੂੰ ਸਮਰਪਿਤ)

ਪੱਥਰ ਚੁੱਪ ਸੀ, ਖੁਸ਼ਕ ਸੀ
ਕਿੰਨਿਆਂ ਹੀ ਸਮਿਆਂ ਤੋਂ ਬੇਚੈਨ ਸੀ
ਉਦਾਸ ਸੀ।
ਲੋਕ ਤ੍ਰਿਹਾਏ ਸਨ
ਪਾਣੀ ਦੀ ਤਿੱਪ ਬਿਨਾਂ
ਪੀਰ ਫਕੀਰ ਹੰਭ ਗਏ
ਦੁਆਵਾਂ ਕਰ ਪਾਣੀ ਲਈ।
ਜਲ ਬਿਨ ਕਾਇਆ ਤੜਪ ਰਹੀ ਸੀ
ਜਲ ਬਿਨ ਪੰਛੀ ਵੀ ਉਦਾਸ ਉਦਾਸ
ਬਨਸਪਤ ਰਿੱਝ ਰਹੀ ਸੀ ਨੀਰ ਬਿਨ
ਮੇਘਲਾ ਵੀ ਵਰ੍ਹ ਨਹੀਂ ਸੀ ਰਿਹਾ ਕੋਈ
ਤਪ ਰਹੀ ਲੋਕਾਈ ਅਰਜੋਈਆਂ ਕਰ ਕਰ।
ਆਖਿਰ ਇਕ ਦਿਨ
ਸ਼ਬਦ ਨਿਰੰਕਾਰ ਪ੍ਰਗਟਿਆ
ਬਿਦਰ ਦੀ ਸੁੰਨੀ ਸਿਲ ਧਰਤ 'ਤੇ
ਨਾਨਕ ਪੀਰ ਦੀਨ ਦੁਨੀਆ ਦੀ
ਪੱਥਰ ਨਾਲ ਗੁਫਤਗੂ ਹੋਈ
ਪੱਥਰ ਮੁਸਕਰਾਇਆ ਕਿ ਗੁਰੂ ਆਇਆ
ਸ਼ਬਦ ਦੀ ਧੁਨ ਜਾਗੀ
ਸੰਗ ਮਰਦਾਨਾ ਰਬਾਬੀ
ਸ਼ਬਦ ਦੀ ਛੋਹ ਲਈ
ਉਮਡ ਪਿਆ ਪੱਥਰ ਇਲਾਹੀ
ਰਬਾਬ ਟੁਣਕੀ, ਸ਼ਬਦ ਪੌਣੀਂ ਘੁਲਿਆ
ਪੱਥਰ ਦੀ ਕਠੋਰ ਦੇਹੀ 'ਚੋਂ
ਝਰ ਝਰ ਝੀਰਾ ਝਰਨਾ ਝੁਰਿਆ
ਮਿੱਠਾ ਚਸ਼ਮਾ ਵੱਗ ਤੁਰਿਆ
ਚਾਨਣ ਚਾਨਣ ਚੁਫੇਰੇ ਹਰਿਆ
ਤ੍ਰਿਹਾਏ ਬੁੱਲ੍ਹ ਤ੍ਰਿਪਤਾਏ
ਕਾਇਨਾਤ ਖਿੜ ਖਿੜ ਹੱਸੀ
ਸਗਲ ਧਰਤ ਰਮਣੀਕ ਹੋ ਉਠੀ
ਜਲਾਲੁਦੀਨ ਤੇ ਯਾਕੂਬ ਅਲੀ ਪੀਰਾਂ ਦੀ
ਅਰਜੋਈ ਪੂਰੀ ਹੋਈ ਸ਼ੁਕਰਾਨਾ ਕਰ ਕਰ
ਸ਼ਬਦ ਗੁਰੂ ਦੇ ਚਰਨ ਸਪਰਸ਼ੇ
ਵਾਹਵਾ ਧੰਨ ਧੰਨ
ਨਾਨਕ ਨੂਰ ਦੀ ਹੋਈ।

*280, ਫੇਜ਼ 6, ਮੁਹਾਲੀ*

# ਗੁਰਮਤਿ ਸੰਗੀਤ - ਸੰਭਾਲ ਤੇ ਪ੍ਰਸਾਰ-2

ਗੁਰਮਤਿ ਸੰਗੀਤ ਦੀ ਸੰਭਾਲ ਤੇ ਪ੍ਰਸਾਰ ਬਾਰੇ ਅਨੇਕਾਂ ਫੋਨ ਆਏ, ਚਿੱਠੀਆਂ ਆ ਰਹੀਆਂ ਹਨ। ਇਸ ਬਾਰੇ ਅਸੀਂ ਆਪਣੀਆਂ ਸੀਮਾਵਾਂ ਅਤੇ ਮਜ਼ਬੂਰੀਆਂ ਸੰਗਤਾਂ ਨਾਲ ਸਾਂਝੀਆਂ ਕਰਦੇ ਹਾਂ। ਨਵੀਂ ਰਿਕਾਰਡਿੰਗ ਲਈ ਚੰਗੇ ਸਟੂਡੀਓ ਤੇ ਕੁਝ ਹੋਰ ਮਸ਼ੀਨਾਂ ਦੀ ਵਰਤੋਂ ਜ਼ਰੂਰੀ ਹੈ ਜਿਸ ਦਾ ਖਰਚਾ ਇਸ ਵੇਲੇ ਅੰਮ੍ਰਿਤ ਕੀਰਤਨ ਟਰਸਟ ਜਾਂ ਕਿਸੇ ਵਿਅਕਤੀ ਲਈ ਕਰਨਾ ਸੰਭਵ ਨਹੀਂ। ਇਹ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਸੰਸਥਾ ਉਚ ਪੱਧਰ ਤੇ ਕਰ ਸਕਦੀ ਹੈ। ਪ੍ਰੈਸ ਚਲਾਉਣ ਨਾਲ ਨਾਲ ਇਸ ਤਰ੍ਹਾਂ ਦੇ ਕੰਮ ਵੀ ਅਧੁਨਿਕ ਪ੍ਰਚਾਰ ਲਈ ਐਸੀਆਂ ਜਥੇਬੰਦੀਆਂ ਜੋ ਅੰਮ੍ਰਿਤਸਰ ਤੇ ਦਿੱਲੀ ਵਿਚ ਹਨ ਉਨ੍ਹਾਂ ਨੂੰ ਕਰਨੇ ਚਾਹੀਦੇ ਹਨ। ਪਾਠਕ ਜਨ ਉਨ੍ਹਾਂ ਨਾਲ ਬੇਨਤੀ ਰੂਪ ਵਿਚ ਸੰਪਰਕ ਕਰਨ।

ਬਾਕੀ ਧੂਪੀਆ ਜੀ ਦੇ ਵਿਚਾਰ ਲਏ ਹਨ- ਉਹ ਪਹਿਲੇ ਪੰਥ ਦੇ ਪੁਰਾਣੇ ਕੀਰਤਨਕਾਰਾਂ ਦਾ ਬਖਸ਼ਿਆ ਹੋਇਆ ਵਿਰਸਾ ਸੰਭਾਲਨ ਲਈ ਉਪਰਾਲਾ ਕਰਨ ਵਿਚ ਲੱਗੇ ਹੋਏ ਹਨ। ਉਹ ਵੀ Digital MP-3 ਵਿਚ Long play, very long play, Extended long play format ਵਿਚ ਸੀਡੀਜ਼ ਬਣਾਈਆਂ ਜਾਂਦੀਆਂ ਹਨ ਹਾਲੇ ਡੀਵੀਡੀ, ਵੀਐਲਪੀ ਤੇ ਈਐਲਪੀ ਇਸ ਲਈ ਨਹੀਂ ਵਰਤਦੇ ਕਿਉਂ ਜੋ ਆਮ ਪਲੇਅਰ ਵਿਚ ਇਨਾਂ ਲਈ ਸਥਾਨ ਪ੍ਰਚੱਲਤ ਨਹੀਂ। ਕੇਵਲ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਉਚਾਰਨ ਰੂਪ ਵਿਚ ਅਤੇ ਦੂਸਰੀ ਸੀਡੀ ਵਿਚ 31 ਰਾਗ ਅਤੇ 31 ਪ੍ਰਕਾਰਾਂ ਵਿਚ ਪ੍ਰਸਿੱਧ ਕੀਰਤਨਕਾਰਾਂ ਦੇ ਕੀਰਤਨ 275 ਸ਼ਬਦ ਦਰਜ ਕਰਕੇ ਇਹ ਦੋਨੋਂ ਸੀਡੀਆਂ ਤਿਆਰ ਕਰ ਚੁੱਕੇ ਹਨ ਜੋ ਸਿਰਫ਼ ਈਐਲਪੀ, ਐਮਪੀ-3 ਦੀ ਸ਼ਕਲ ਵਿਚ ਹੋਣ ਕਰਕੇ ਕੰਪਿਊਟਰ ਰਾਹੀਂ ਡੀਵੀਡੀ ਪਲੇਅਰ ਰਾਹੀਂ ਤੇ ਅਧੁਨਿਕ ਕੀਮਤੀ ਸੀਡੀ ਪਲੇਅਰ 'ਤੇ ਸੁਣੇ ਜਾ ਸਕਦੇ ਹਨ। ਪੁਰਾਣੇ ਵਕਤਾਂ ਵਿਚ ਸ਼ੁਰੂ ਸ਼ੁਰੂ ਦੀ ਤਕਨੀਕ ਨਾਲ ਕੀਤੀ ਹੋਈ ਰਿਕਾਰਡਿੰਗ ਤੋਂ ਸੀਡੀ ਤਿਆਰ ਕਰਨ ਵਿਚ ਬਹੁਤ ਮਿਹਨਤ ਕਰਨੀ ਜ਼ਰੂਰੀ ਹੈ ਫਿਰ ਵੀ ਅੱਜ ਕਲ੍ਹ ਦੀ ਸਾਫ਼ ਅਵਾਜ਼ ਨਾਲ ਬਣੀ ਸੀਡੀ ਦੀ ਤੁਲਨਾ ਨਹੀਂ ਹੋ ਸਕਦੀ। ਪ੍ਰੰਤੂ ਇਸ ਕੋਸ਼ਿਸ਼ ਨਾਲ ਸਾਡੇ ਕੀਰਤਨਕਾਰ ਪੁਰਾਣੀਆਂ ਧੁਨਾਂ, ਰੀਤਾਂ, ਤਾਲ ਤੇ ਰਾਗ ਦੇ ਨਾਲ ਨਾਲ ਗੁਰਬਾਣੀ ਦੇ ਭਾਵ, ਪ੍ਰਮਾਣ ਦੇਣ ਦੇ ਢੰਗ ਸਿੱਖ ਸਕਣਗੇ ਤੇ ਕੀਰਤਨ ਰਾਹੀਂ ਸੰਗਤਾਂ ਨੂੰ ਪੁਰਾਣੀ ਮਰਿਯਾਦਾ ਅਨੁਸਾਰ ਪੱਕੇ ਰਾਗਾਂ ਦੀ ਪਰੰਪਰਾ ਨੂੰ ਸਰੋਤਿਆਂ ਵਿਚ ਰਸ ਮਾਨਣ ਲਈ ਯਤਨ ਕਰ ਸਕਣਗੇ। ਹੌਲੇ ਹੌਲੇ ਫਿਲਮੀ ਤਰਜ਼ਾਂ ਆਪੇ ਹੀ ਘਟ ਜਾਣਗੀਆਂ। ਸਾਡੇ ਅੱਜ ਕਲ੍ਹ ਦੇ ਕੀਰਤਨ ਰਾਗਾਂ ਨੂੰ ਇਹ ਸਾਧਨ ਸੀਡੀ ਪਲੇਅਰ ਜ਼ਰੂਰ ਰੱਖ ਲੈਣੇ ਚਾਹੀਦੇ ਹਨ ਖਾਸ ਕਰਕੇ ਜਿਨ੍ਹਾਂ ਵਿਚ ਐਮਪੀ-3 ਐਲਪੀਸੀਡੀ ਲਈ ਘਟੋ ਘਟ ਹੋਵੇ ਤਾਂ ਕਿ ਉਹ ਸੁਨਣ ਨਾਲ ਹੀ ਸਾਰਾ ਗਿਆਨ ਦੋ ਚਾਰ ਸੀਡੀਆਂ ਵਿਚ ਪੁਰਾਤਨ ਰਾਗੀਆਂ ਦੀ ਜਾਣਕਾਰੀ ਲੈ ਸਕਣਗੇ।

ਉਨ੍ਹਾਂ ਇਹ ਵੀ ਦਸਿਆ ਕਿ ਸੰਗਤ ਵਿਚ ਸਰੋਤਿਆਂ ਲਈ ਸੀਡੀਆਂ ਦੀਆਂ ਕਾਪੀਆਂ ਬਣਾਉਣ ਦਾ ਸਮਾਂ ਇਸ ਉਮਰ ਵਿਚ ਮੁਸ਼ਕਿਲ ਹੈ ਕਿਉਂਕਿ ਹਰ ਰੋਜ਼ 6 ਤੋਂ 8 ਘੰਟੇ ਪੁਰਾਣੇ ਰਾਗੀਆਂ ਦੇ ਸ਼ਬਦਾਂ ਦੀ ਸੀਡੀ ਬਣਾਉਣ ਵਿਚ ਲੱਗ ਜਾਂਦੇ ਹਨ। ਤਕਰੀਬਨ ਮਹੀਨੇ ਦੀ ਮਿਹਨਤ ਨਾਲ ਇਕ ਸੀਡੀ ਤਿਆਰ ਹੁੰਦੀ ਹੈ। ਜਿਸ ਵਿਚ ਦਰਜਨਾਂ ਦੇ ਹਿਸਾਬ ਨਾਲ ਸ਼ਬਦ ਹੁੰਦੇ ਹਨ। ਉਨ੍ਹਾਂ ਇਹ ਸੁਝਾਓ ਦਿੱਤਾ ਕਿ ਕਾਪੀਆਂ ਬਣਾਉਣ ਜਾਂ ਬਣਵਾਉਣ ਦਾ ਕੰਮ ਹਰ ਜ਼ਿਲ੍ਹੇ ਦੇ Area Orgnizer (AO) ਵੀ ਕਰ ਸਕਦੇ ਹਨ। ਬਸ਼ਰਤੇ ਉਹ ਨਿਸ਼ਕਾਮ ਸੇਵਾ ਕਰਨ ਦੀ ਜ਼ਿੰਮੇਵਾਰੀ ਲੈਣ ਲਈ ਸੰਪਰਕ ਕਰਨ। ਆਪਣਾ ਨਾਮ ਪਤਾ, ਫੋਨ ਨੰ: ਤੇ ਕਾਰੋਬਾਰ ਲਈ ਐਡੀਟਰ ਵੱਲ ਦਰਖਾਸਤ ਭੇਜਣੀ ਜ਼ਰੂਰੀ ਹੈ। ਉਨ੍ਹਾਂ ਦੀ ਰਜ਼ਾਮੰਦੀ ਆਉਣ ਤੇ ਇਸ ਰਸਾਲੇ ਵਿਚ ਸਾਰਿਆਂ ਨੂੰ ਦੱਸ ਦਿੱਤਾ ਜਾਵੇਗਾ। ਇਹ Orgnizer ਕੀਰਤਨਕਾਰਾਂ ਤੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨਾਲ ਸੰਪਰਕ ਆਪ ਹੀ ਕਰਨਗੇ ਤੇ ਵੰਡਣ ਦੀ ਸੇਵਾ ਵਿਚ ਪਹਿਲ ਦੇਣਗੇ। ਸੀਡੀ ਦੀ ਮਾਸਟਰ ਕਾਪੀ ਧੂਪੀਆ ਜੀ ਵਲੋਂ ਡਾਕ ਜਾਂ ਕੋਰੀਅਰ ਰਾਹੀਂ ਹਰ Orgnizer ਨੂੰ ਬਗੈਰ ਕਿਸੇ ਭੇਟਾ ਤੇ ਪੁੱਜੇਗੀ। ਸੰਸਥਾਵਾਂ ਨੂੰ ਕੇਵਲ ਇਕ ਹੀ ਕਾਪੀ ਦਿੱਤੀ ਜਾਵੇਗੀ, ਉਹ ਆਪਣੇ ਅਧਿਆਤਮਕ ਅਤੇ ਲੋੜਵੰਦਾਂ ਲਈ ਆਪਣੇ ਏਰੀਏ ਵਿਚ ਸੇਵਾ ਕਰਨ ਦੀ ਖੇਚਲ ਆਪ ਕਰਨਗੇ। ਹੁਣ ਤਕ ਹੇਠ ਲਿਖੇ ਏਰੀਆ ਔਰਗੇਨਾਈਜ਼ਰ ਬਣ ਚੁੱਕੇ ਹਨ:

| *ਜ਼ਿਲ੍ਹਾ* | *ਨਾਮ* | *ਫੋਨ* |
|---|---|---|
| ਲੁਧਿਆਣਾ | ਸ. ਗੁਰਚਰਨ ਸਿੰਘ ਜੀ | 98156 13224 |
| ਦਿੱਲੀ/ਨਵੀਂ ਦਿੱਲੀ | ਸ. ਹਰਜੀਤ ਸਿੰਘ ਜੀ ਖਾਲਸਾ | 98917 71274 |
| ਐਸ ਏ ਐਸ ਨਗਰ | ਸ. ਸਤਪਾਲ ਸਿੰਘ | 98147 01525 |
| ਮਹਾਰਾਸ਼ਟਰ | ਸ. ਨਰਿੰਦਰ ਸਿੰਘ ਜੀ | 98212 53563 |

ਉਪਰੋਕਤ ਵੀਰਾਂ ਨੂੰ ਭਾ. ਬਖਸ਼ੀਸ਼ ਸਿੰਘ ਜੀ ਰਾਗ-੧ 121 ਸ਼ਬਦਾਂ ਦੀ ਸੀਡੀ ਭੇਜੀ ਜਾ ਚੁੱਕੀ ਹੈ।

ਸ੍ਰੀ ਹਰਕਿਸ਼ਨ ਸਿੰਘ ਧੂਪੀਆ

ਮੋਬਾਈਲ - 93560 46984

*ਜਾਗੀਰ ਸਿੰਘ*

# ਮਨਮੋਹਨ ਸਿੰਘ ਦਾਊਂ ਰਚਿਤ ਜ਼ਿੰਦਗੀ ਦਾ ਸੱਚ

## ਕਰਨੈਲ ਸਿੰਘ ਸੋਮਲ

ਲੇਖਕ ਦੀਆਂ 'ਜੀਵਨ ਯਾਂਦਾਂ' ਦੀ ਇਹ ਵਾਰਤਕ ਪੁਸਤਕ ਕਈ ਪੱਖਾਂ ਤੋਂ ਮਹੱਤਵ ਰੱਖਦੀ ਹੈ। ਲੇਖਕ ਨੇ ਆਤਮ ਪ੍ਰਕਾਸ਼ਣ ਦੀ ਪਿੱਠ ਭੂਮੀ ਵਿਚ ਪੰਜਾਬੀ ਸਭਿਆਚਾਰ ਦੀਆਂ ਧੁਨੀਆ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਇਸ ਪੁਸਤਕ ਦਾ ਪਾਠ ਕਰਦਿਆਂ ਦਾਊਂ ਹੁਰਾਂ ਦੀ ਬਹੁਤ ਸਾਲ ਪਹਿਲਾਂ ਲਿਖੀ 'ਸਭਿਆਚਾਰਕ ਮੁਹਾਂਦਰੇ' ਚੇਤੇ ਵਿਚ ਘੁੰਮ ਗਈ। ਜਾਪਿਆ ਇਹ ਪੁਸਤਕ ਉਸੇ ਪੁਸਤਕ ਦਾ ਵਿਸਤਾਰ ਹੈ। ਇਸ ਤੋਂ ਇਹ ਗੱਲ ਵੀ ਪ੍ਰਮਾਣਿਤ ਹੁੰਦੀ ਹੈ ਕਿ ਲੇਖਕ ਸ਼ੁਰ ਤੋਂ ਹੁਣ ਤੀਕ ਪੰਜਾਬੀ ਸਭਿਆਚਾਰ ਨਾਲ ਨਿਰੰਤਰ ਵਾਬਸਤਾ ਹੈ।

ਪੁਸਤਕ ਦੇ ਅਨੇਕਾਂ ਰੰਗ ਪਾਠਕ ਦਾ ਧਿਆਨ ਖਿੱਚਦੇ ਹਨ। ਮਸਲਨ, ਅਜੋਕੇ ਯੁੱਗ ਵਿਚ ਵੀ ਸਾਰਥਕ ਜਾਪਦੀਆਂ ਕਦਰਾਂ ਕੀਮਤਾਂ ਨੂੰ ਉਜਾਗਰ ਕੀਤਾ ਗਿਆ ਹੈ। ਸਧਾਰਨ ਬੰਦਿਆਂ ਦੇ ਸਾਦਗੀ ਤੇ ਕਿਰਤ ਅਧਾਰਤ ਸੱਚੇ ਸੁੱਚੇ ਜੀਵਨ ਦਾ ਹਮਦਰਦੀ ਭਰਪੂਰ ਅਤੇ ਮਹਿਮਾਮਈ ਵਰਨਣ ਹੈ। ਇਤਿਹਾਸ, ਮਿਥਿਹਾਸ ਅਤੇ ਲੋਕਯਾਨਿਕ ਸੰਕੇਤਾਂ ਅਤੇ ਦਾਰਸ਼ਨਿਕਾਂ ਛੋਹਾਂ ਦੀ ਚਾਸ਼ਣੀ ਨਾਲ ਲਬਰੇਜ਼ ਆਪਣੇ ਅਨੁਭਵਾਂ ਦਾ ਸਰਲ ਅਤੇ ਸਹਿਜ ਪ੍ਰਗਟਾਵਾ ਹੈ। ਪੁਆਧ ਦੇ ਸਮਾਜਕ ਪ੍ਰਕਿਰਤਿਕ ਵਾਤਾਵਰਣ ਅਤੇ ਸਭਿਆਚਾਰਕ ਵੇਰਵਿਆਂ ਦਾ ਮੋਹ ਭਰਿਆ ਚਿਤਰਣ ਹੈ। ਗੱਲ ਕੀ, ਇਸ ਪੁਸਤਕ ਵਿਚ ਲੇਖਕ ਦੇ ਹੰਢਾਏ ਜੀਵਨ ਦੇ ਸੁਹਾਵਣੇ ਪੱਖਾਂ ਦਾ ਸੁਹਜਮਈ ਚਿਤਰਣ ਹੈ। ਲੇਖਕ ਦੀ ਨਿਰਛਲਤਾ ਅਤੇ ਸ਼ਬਦਾਂ ਦੇ ਰੁਮਾਂਸ ਨਾਲ ਸਰਸ਼ਾਰ ਹੋਣ ਦੀ ਬਿਰਤੀ ਉਸ ਦੀ ਲਿਖਤ ਨੂੰ ਰੌਚਿਕਤਾ ਪ੍ਰਦਾਨ ਕਰਦੀ ਹੈ।

ਲੇਖਕ ਕਈ ਵਾਰੀ ਆਪਣੀ ਸਿਰਜਣਾ ਮਿਕਤਾ ਦੇ ਵਹਿਣ ਵਿਚ ਵਾਰਤਕ ਦੇ ਸੰਜਮ ਨੂੰ ਉਲੰਘਦਾ ਹੈ। ਪਰ ਇਹ ਕੁਝ ਅੱਖਰਣ ਨਾਲੋਂ ਮੋਂਹਦਾ ਵਧੇਰੇ ਹੈ। ਪੁਸਤਕ ਵਿਚ ਪ੍ਰਕਾਸ਼ ਹੋਇਆ ਸੱਚ ਉਸ ਜ਼ਿੰਦਗੀ ਦਾ ਸੱਚ ਹੈ ਜਿਸ ਦਾ ਦਾਇਰਾ ਉਸ ਦੇ ਨਿੱਜ ਤੋਂ ਲੈ ਕੇ ਉਸ ਦੇ ਆਪੇ ਦਾ ਹਿੱਸਾ ਬਣੇ ਉਸ ਦੇ ਪਿੰਡ ਇਲਾਕੇ ਤੇ ਉਸ ਦੇ ਜੀਵਨ ਵਿਚ ਆਏ ਮਨੁੱਖਾਂ ਜੀਵਾਂ, ਰੁੱਖਾਂ ਤਕ ਫੈਲਦਾ ਹੈ। ਉਹ ਇਸ ਤੇ ਰੀਝਦਾ ਵੀ ਹੈ ਤੇ ਵਿਸਮਿਤ ਵੀ ਹੁੰਦਾ ਹੈ।

ਤੇਜ਼ ਤਬਦੀਲੀਆਂ ਵਾਲੇ ਇਸ ਸਮੇਂ ਵਿਚ ਪੁਆਧ ਦੇ ਇਲਾਕੇ ਬਾਰੇ ਇਕ ਵਿਸ਼ੇਸ਼ ਕਾਲ ਖੰਡ ਨੂੰ ਲੈ ਕੇ ਅਪਰੋਖ ਰੂਪ ਵਿਚ ਪੁਆਈ ਝਾਤ ਇਸ ਪੁਸਤਕ ਨੂੰ ਹੋਰ ਵੀ ਮੁੱਲਵਾਨ ਬਣਾਉਂਦੀ ਹੈ। ਆਪੋ ਧਾਪੀ ਦੇ ਇਸ ਯੁੱਗ ਵਿਚ ਅਨੁਸ਼ਾਸਨ, ਸਹਿਜ, ਸਲੀਕਾ, ਇਕਸੁਰਤਾ ਜਿਹੇ ਗੁਣਾਂ ਨੂੰ ਮੂਰਤੀਮਾਨ ਕਰਦੇ ਲੇਖਕ ਦੇ ਆਪੇ ਦਾ ਪ੍ਰਕਾਸ਼ ਸਲਾਹੁਣਯੋਗ ਹੈ। ਲੇਖਕ ਸਾਹਿਤ ਸੇਵਾ ਨੂੰ ਸਮਰਪਿਤ ਹੈ। ਇਹ ਪੁਸਤਕ ਲੇਖਕ ਦਾਊਂ ਨੂੰ ਸਮਝਣ ਵਿਚ ਵੀ ਸਹਾਈ ਹੋਣ ਵਾਲੀ ਹੈ।

*ਪ੍ਰਕਾਸ਼ਕ: ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ*

# KIRTAN

## Harbinder Singh

Guru Nanak considered that concerntration of mind could be achieved and the mind gets controlled by doing and listening Kirtan of Gurbani in honour of the Almighty. He thus used poetry as a mode of composing hymns. The same practice was followed by the successors of Guru Nanak. Guru Nanak established Dharamsalas for doing prayers and Kirtan of Gurbani, where all could join as Sadh Sangat (gathering of saintly persons) without the distinction of caste, creed and religion. He started the practice of serving langar (free food) in Dharamsalas where the food was cooked by voluntary service and the congregation there was supposed to eat langar jointly on completion of the prayer meeting. Subsequently, Karha parshad (holy food) was also served to Sangat on such occasions. These steps brought the different classes or the Indian society closer and it helped their integration after centuries of diversification and split. Gurbani syas

*ਕਲਜੁਗ ਮਹਿ ਕੀਰਤਨ ਪਰਧਾਨਾ।*
*ਗੁਰਮੁਖਿ ਜਪੀਐ ਲਾਇ ਧਿਆਨਾ।*

ਪੰਨਾ (1075) ਗੁਰੂ ਗ੍ਰੰਥ ਸਾਹਿਬ

In the present age, Kirtan of Gurbani in honour of God is most exalted. It helps faithfuls to contemplate on 'naam' of Almighty attentively.

*ਕੀਰਤਨ ਨਿਰਮੋਲਕ ਹੀਰਾ। ਅਨੰਦ ਗੁਣੀ ਗਹੀਰਾ।*

ਪੰਨਾ (893) ਗੁਰੂ ਗ੍ਰੰਥ ਸਾਹਿਬ

Kirtan of Gurbani is an invaluable jewel and an ocean of bliss and virtues.

*ਹਰਿ ਕੀਰਤਿ ਸਾਧ ਸੰਗਤ ਹੈ ਸਿਰਿ ਕਰਮਨ ਕੈ ਕਰਮਾ*

ਪੰਨਾ (642) ਗੁਰੂ ਗ੍ਰੰਥ ਸਾਹਿਬ

Kirtan in honour of God in the company of Sadh Sangat is the highest of all deeds.

*ਗ੍ਰਿਹ ਧਨੁ ਸਭੁ ਪਵਿਤ੍ਰੁ ਹੋਇ। ਹਰਿ ਕੇ ਗੁਣ ਗਾਵਉ।*

ਪੰਨਾ (318) ਗੁਰੂ ਗ੍ਰੰਥ ਸਾਹਿਬ

Home and wealth get sanctified by singing Gurbani Kirtan in honour of God.

*ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ*
*ਤਿਸੁ ਜਨ ਦੂਖੁ ਨਿਕਟਿ ਨਹੀ ਆਵੈ।*

ਪੰਨਾ (190) ਗੁਰੂ ਗ੍ਰੰਥ ਸਾਹਿਬ

Pain and suffering do not come near a person who listens and sings Gurbani Kirtan in honour of God.

*ਹਰਿ ਕੀਰਤਨੁ ਗਾਵਹੁ ਦਿਨ ਰਾਤੀ,*
*ਸਫਲ ਏਹਾ ਹੈ ਕਾਰੀ ਜੀਉ।*

ਪੰਨਾ (108) ਗੁਰੂ ਗ੍ਰੰਥ ਸਾਹਿਬ

Day and night sing Kirtan in praise of God, which is a truthful action.

*ਹਰਿ ਕੀਰਤਿ ਊਤਮ ਨਾਮੁ ਹੈ।*
*ਵਿਚਿ ਕਲਿਜੁਗ ਕਰਣੀ ਸਾਰੁ।*

ਪੰਨਾ (1314) ਗੁਰੂ ਗ੍ਰੰਥ ਸਾਹਿਬ

Kirtan in honour of God and meditating on His 'naam' are glorious and sublime deeds.

*ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ।*

ਪੰਨਾ (1300) ਗੁਰੂ ਗ੍ਰੰਥ ਸਾਹਿਬ

Who ever uttar and listens Kirtan in honour of Almighty, his evil nature is wiped off and all his desires and hopes are fulfilled.

*Courtesy book 'Sikhism- its background and fundamentals'*

# TRADITION OF MELODY & MUSIC IN SIKH RELIGION

Dr. Ajit Singh Panipat

Devotional Music has been recognized as a form of meditation and worship in ancient Indian Tradition, Hindu as well as Buddhist religions, because of its potential to enable the human mind to concentrate. It is a basic prerequisite for meditation, and every kind of worship. In other relations of the world, perhaps with the exception of Islam, even though music has not been given that prime place it has yet been regarded as a sacred medium that adds harmony, grace and glory to hymns sung in the praise of God. In that form it is used for worship in Islam's Sufiana Kalam. It has been prescribed that the praises of God should be sung in sweet mellifluous and sonorous voice.

The spiritual renaissance, which commenced in the fourteenth century and lasted till the sixteenth century, encouraged the Bhajan form of worship. Different parts of India produced a galaxy of eminent Bhaktas, who enriched Indian sacred music with compositions of outstanding merit. It may also be inferred that most of the saints of the 15th century were musicians. This age has been termed as the age of the Bhakti movement in the history of Indian literature and thoughts. During this period, Guru Nanak did the same for Punjab with the help of his Muslim companion, Bhai Mardana, who belonged to the family of Mirasi. He propagated his Bani set to music, and the tradition was followed by the other Sikh Gurus. In course of time, this particular form of Sikh devotional music came to be known as Shabad Kirtan.

The main religious scripture of the Sikh religion is known the world over by the name of Guru Granth Sahib. This holy book is a compilation of the holy precepts in verse form of the six Gurus, viz. Guru Nanak, Guru Angad, Guru Amardas, Guru Ram Das, Guru Arjun Dev and Guru Tegh Bahadur. The Bani of the tenth Guru of the Sikhs. Guru Gobind Singh have been compiled in a separate book, which is known as "Dasam Granth". Besides the hymns of various Sikh Gurus, the Guru Granth also contains the hymns of many Hindu and Sufi saints who belonged to different parts of the country. The hymns of this holy Book are termed "Shabad". Etymologically, the word "Shabad" is derived from the Sanskrit word "shabda" which means sound, voice, word etc. thus the word shabad connotes the words (or the utterances) of the Gurus. Just as the compositions of devotees like Tukaram and Namdeva are known as 'Abhag' and the poems of Surdas and Meerabai are famous as "Vishnu Pad", so the poems of 'Guru Granth' are called 'shabad'. The entire Bani of Guru Granth is compiled in 31 ragas of Indian Music which are as under:

1 Sri, 2. Majh, 3. Gauri, 4. Asa, 5. Gujri, 6. Devgandhari, 7. Bihagra, 8. Vadhaus, 9. Sarath, 10. Dhanasri, 11. Jaitsri, 12. Todi, 13. Bairari, 14. Tilang, 15. Suhi, 16. Bilawal, 17. Gaund, 18. Ramkali, 19. Nat Narayan, 20. Maligaura, 21. Maru, 22. Tukhar, 23. Kedara, 24. Bhairav, 25. Basant, 26. Sarang, 27. Malhar, 28. Kanara, 29. Kalyan, 30. Prabhati, 31. Jaijavant.

Devotional music of India be it Bhajan of Padas of Hindus, Shabad of Sikhs or Qawali and Nat of Muslims all have the same tradition so far the swara and laya are concerned and thus evolve from the same

music which is our common heritage.

Kirtan, or shabad gayan , is the best form of worship in Sikhism and it alone helps the devotee to attain Brahma. Thus, this form of devotional music rites (Sanskara) and ceremonies.

From the earliest days of Sri Guru Nanak , music had played great part in the sikh religion. All the Sikh Gurus whose Bani is compiled in Guru Granth Sahib have given great importance to Shabad Kirtan based on Ragas. In fact most of the Gurus had employed members of Bhai Mardana's family as professional Kirtaniyas for singing the glory of God in Ragas. Amazingly all the Gurus compositions were set to various ragas of Indian Classical music and were intended to be sung in those ragas to which they were set. The Ragis and Rababis of older days had tradional training in Kirtan. It is entirely due to those two classes of musicians that the Shabads of the Gurus have been presereved for us in their musical form to-day.

In the sphere of the kirtan there have been many kirtaniests of repute who have always been held in high esteem. Looking upon kirtan as their religious duty, they have concentrated on its musical content. Among such kirtanists, we find a class which adopted the vocation of kirtan just for the sake of livehood even though some of caste muslims. Music was their hereditarys profession and melody and rhythm were in their blood. This particular sect is known as 'Mirasi'. This marasis were a professional class of Muslim musicians. Bhai Mardana was of this very Mirasi sect, and it was only after coming in contact with Guru Nanak, that he was converted to Sikhism and scaled great heights. Even in modern times members of this sect follow the profession of music. In the beginning, the Sikh Gurus close musicians from the class for their kirtan and called them Rababis, instead of 'Mirasis'. The reason was that favourite instrument of the Gurus for accompaniment was the Rabab, and they made the Mirasis expert in the art of playing the Rabab. In the field of the Kirtan the Rababi tradition spread far and wide in the Punjab.

The participation of the Muslim Rababis in Sikh kirtans may seem some what strange. The Sikh religion had been established to remove the barriers that divied Hinduism and Islam. It was neither opposed to Islam nor to Hinduism in any pronouced manner. During the period of the first four Gurus, no conflict whatsoever existed between the Sikhs and the Muslim. That is why , Muslim musicians did not hesitate to go into the Sikh fold, especially, when they were seeking patronage. In Islam, music has always been discouraged. In modern Indian society, too, till recently music and dancing girls. But the Sikhs accorded the Mirasis not only due respect but also financial security.

Thus the Gurus were both innovators and promoters of the class of Rababis whose work was to sing the Guru Bani in Classical music. The origin of this tradion can be traced back to Bhai Mardana, the musical companion of Guru Nanak. The descendants of Mardana were appointed kirtanist in the Darbars of the succeeding Gurus. Gradually wherever a Gurdwara was established, there the responsibility of kirtan singing was the special charge of the Rababis. As they were expert musicians, they found employment in the various states of the Punjab, where the rulers began their day's work only after hearing the kirtan. Thus, these Rababis spead over the whole of the Punjab with centres in Amritsar, Tarntaran, Goindwal, Gujranwala, Nankana Sahib, Lahore, Patiala and Kapurthala.

After the partition of the country in 1947, all the muslim Rababis families migranted to Pakistan. With the passage of time, as

the traditional Sikh Raagis retired from the service of various historical Gurudwaras of Delhi and Punjab, their places were taken up by the new generation of Raagis, who adopted popular style of kirtan based on light music and cheap tunes. Thus they deviated from the atract large audiances for the sake of monetary benefits. What is worse, in recent times many Raagis have started using electronic instruments. This has eroded the very essence of srenity, comosure and peace for which purpose the Shabad kirtans were composed and sung.

Socially, the Rababis in Pakistan are poverty-stricken. Whithout the expertise of Rababis and healthy competition they offered, Raagis have become complacent. While the musical excellence has suffered on both counts, the spiritual style has also become shallow and, therefore does not touch any divine chords any more. Awareness of the loss has begun to haunt the followers of artistic purity even more. It is hoped such declining trends will be checked.

*Courtesy 'The Sikh Review'*

# ਸੁਰ ਲਿਪੀ

ਹਰਦੀਪ ਕੌਰ

***ਰਾਗ*** ਸਿਰੀ ਰਾਗੁ

**ਥਾਟ:** ਪੂਰਵੀ ('ਰੁ' 'ਧੁ' ਕੋਮਲ 'ਮ̍' ਤੀਵਰ)

**ਜਾਤੀ-ਔੜਵ** ਸੰਪੂਰਨ (ਆਰੋਹ ਵਿਚ 'ਗ' ਅਤੇ 'ਧ' ਵਰਜਿਤ)। **ਸਮਾਂ:** ਸੰਝ ਵੇਲਾ।

**ਵਾਦੀ:** ਰੁ, **ਸੰਵਾਦੀ** : ਪ

**ਆਰੋਹ:** ਸ ਰੁ ਰੁ ਸ, ਰੁ ਮ̍ ਪ ਨ ਸਂ।

**ਅਵਰੋਹ:** ਸਂ ਨ ਧੁ ਪ, ਮ̍ ਗ, ਰੁ ਰੁ, ਸ।

**ਮੁੱਖ ਅੰਗ** : ਸ ਰੁ ਰੁ, ਸ, ਰੁ ਪ, ਮ̍ ਗ ਰੁ, ਰੁ ਸ।

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| **x** | | | **2** | | **3** | | **x** | | | **2** | | **3** | |
| ਸਥਾਈ | | | | | | | | | | | | | |
| ਗ | ਰੁ | ਗ | ਰੁ | ਰੁ | ਸ | ਸ | ਪ | ਪ | ਪ | ਮ̍ | ਧੁ | ਪ | ਪ |
| *ਸੁ* | *ਹੇ* | *ਲਾ* | *ਕ* | *ਹ* | *ਣ* | *ਕ* | *ਹਾ* | ਽ | ਽ | *ਵ* | ਽ | *ਣ* | ਽ |
| G | R̲ | G | R̲ | R̲ | S | S | P | P | P | M̍ | D̲ | P | P |
| *SU* | *HAY* | *LA* | *KE* | *HA* | *N* | *KA* | *HA* | - | - | *VA* | - | *N* | - |
| ਪ | ਪ | ਪ | ਮ̍ਪ | ਨ | ਧੁ | ਪ | ਮ̍ਧੁ | ਪ | ਮ̍ | ਗ | ਰੁ | ਸ | ਸ |
| *ਤੇ* | ਽ | *ਰਾ* | *ਬਿ਽* | ਽ | *ਖ* | *ਮੁ* | *ਭਾ਽* | ਽ | ਽ | *ਵ* | ਽ | *ਣ* | ਽ |
| P | P | P | M̍P | N | D̲ | P | M̍D̲ | P | M̍ | G | R̲ | S | S |
| *TAY* | - | *RAA* | *BI* | - | *KHA* | *M* | *BHAA* | - | - | *VA* | - | *N* | - |
| ਅੰਤਰਾ | | | | | | | | | | | | | |
| ਪ | ਮ̍ | ਪ | ਨ | ਨ | ਸਂ | ਸਂ | ਰੁਂ | ਰੁਂ | ਰੁਂ | ਗਂ | ਰੁਂ | ਸਂ | ਸਂ |
| *ਤੇ* | *ਰੈ* | *ਭ* | *ਰੋ* | ਽ | *ਸੈ* | ਽ | *ਪਿਆ* | ਽ | ਽ | *ਰੇ* | ਽ | ਽ | ਽ |
| P | M̍ | P | N | N | Ṡ | Ṡ | Ṙ̲ | Ṙ̲ | Ṙ̲ | Ġ | Ṙ̲ | Ṡ | Ṡ |
| TAY | RAI | BHA | RO | - | SAI | - | PI-AA | - | - | RAY | - | - | - |
| ਰੁਂ | ਗਂ | ਮ̍ਗਂ | ਰੁਂ | ਰੁਂ | ਸਂ | ਸਂ | ਨ | ਰੁਂ | ਨ | ਧੁ | ਧੁ | ਪ | ਪ |
| *ਮੈ* | ਽ | ਽਽ | *ਲਾ* | ਽ | *ਡ* | *ਲ* | *ਡਾ* | ਽ | ਽ | *ਇ* | *ਆ* | ਽ | ਽ |
| R̲ | G | M̍G | Ṙ̲ | Ṙ̲ | Ṡ | Ṡ | N | Ṙ̲ | N | D̲ | D̲ | P | P |
| *MAI* | - | – | *LAA* | - | *D* | *LA* | *DAA* | - | - | *I* | *AA* | - | - |

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮ̍ | ਪ | ਨ | ਨ | ਸਂ | ਸਂ | ਰੁਂ | ਰੁਂ | ਰੁਂ | ਗਂ | ਰੁਂ | ਸਂ | ਸਂ |
| *ਭੂ* | *ऽ* | *ਲਹਿ* | *ਚੁ* | *ऽ* | *ਕ* | *ਹਿ* | *ਬਾ* | *ऽ* | *ऽ* | *ਰਿ* | *ऽ* | *ਕ* | *ऽ* |
| P | M̍ | P | N | N | Ṡ | Ṡ | Ṙ̲ | Ṙ̲ | Ṙ̲ | Ġ | Ṙ̲ | Ṡ | Ṡ |
| ***BHOO*** | - | ***LAI*** | ***CHOO-*** | | ***KE*** | ***H*** | ***BAA*** | - | - | ***RI*** | - | ***K*** | - |
| ਰੁਂ | ਗਂ | ਮ̍ਗੁਂ | ਰੁਂ | ਰੁਂ | ਸਂ | ਸਂ | ਨ | ਰੁਂ | ਨ | ਧੁ | ਧੁ | ਪ | ਪ |
| *ਤੂੰ* | *ऽ* | *ਹਰਿ* | *ਪਿ* | *ऽ* | *ਤਾ* | *ऽ* | *ਮਾ* | *ऽ* | *ਇ* | *ਆ* | *ऽ* | *ऽ* | *ऽ* |
| Ṙ̲ | Ġ | M̍G | Ṙ̲ | Ṙ̲ | Ṡ | Ṡ | N | Ṙ̲ | N | D̲ | D̲ | P | P |
| ***TU*** | - | ***HAR*** | ***PI*** | - | ***TA*** | - | ***MAA*** | - | ***I*** | ***AA*** | - | - | - |
| ਪ | ਪ | ਪ | ਮ̍ | ਧੁ | ਪ | ਪ | ਮ̍ | ਗ | ਰੁ | ਸ | - | ਸ | - |
| *ਤੂੰ* | *ਹ* | *ਰਿ* | *ਪਿ* | *ऽ* | *ਤਾ* | *ऽ* | *ਮਾ* | *ऽ* | *ਇ* | *ਆ* | *ऽ* | *ऽ* | *ऽ* |
| P | P | P | M̍ | D̲ | P | P | M̍ | G | R̲ | S | - | S | - |
| ***TU*** | ***HA*** | ***R*** | ***PI*** | - | ***TA*** | - | ***MAA*** | - | ***I*** | ***AA*** | - | - | - |

## ਸ਼ਬਦ ਦੇ ਅਰਥ

ਸਿਰੀ ਰਾਗੁ ਮਹਲਾ ੫ ਘਰੁ ੭ ॥
ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ
ਭੂਲਹਿ ਚੂਕਹਿ ਬਾਰਿਕ
ਤੂੰ ਹਰਿ ਪਿਤਾ ਮਾਇਆ ॥੧॥

ਹੇ ਪਿਆਰੇ (ਪ੍ਰਭੂ ਪਿਤਾ) ਮੇਰੇ ਪਿਆਰ ਦੇ ਭਰੋਸੇ ਤੇ ਮੈਂ ਲਾਡਾਂ ਵਿਚ ਹੀ ਦਿਨ ਗੁਜ਼ਾਰ ਦਿੱਤੇ ਹਨ। (ਮੈਨੂੰ ਯਕੀਨ ਹੈ ਕਿ) ਤੂੰ ਸਾਡਾ ਮਾਂ-ਪਿਉ ਹੈਂ, ਤੇ ਬੱਚੇ ਭੁੱਲਾਂ ਤੇ ਉਕਾਈਆਂ ਕਰਿਆ ਹੀ ਕਰਦੇ ਹਨ। ੧ ॥

ਸੁਹੇਲਾ ਕਹਨੁ ਕਹਾਵਨੁ ॥
ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥

ਹੇ ਪ੍ਰਭੂ ! ਤੇਰਾ ਭਾਣਾ ਮੰਨਣਾ (ਤੇਰੀ ਮਰਜ਼ੀ ਵਿਚ ਤੁਰਨਾ) ਔਖਾ ਹੈ, (ਪਰ ਇਹ) ਆਖਣਾ ਅਖਵਾਣਾ ਸੌਖਾ ਹੈ (ਕਿ ਅਸੀਂ ਤੇਰਾ ਭਾਣਾ ਮੰਨਦੇ ਹਾਂ) ੧ ॥ ਰਹਾਉ ॥

ਹਉ ਮਾਣੁ ਤਾਣੁ ਕਰਉ ਤੇਰਾ
ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ
ਬੇਮੁਹਤਾਜ ਬਾਪਾ ॥੨॥

ਹੇ ਮੇਰਾ ਬੇ-ਮੁਥਾਜ ਪਿਤਾ ( ਪ੍ਰਭੂ) ! ਮੈਂ ਤੇਰਾ (ਹੀ) ਮਾਣ ਕਰਦਾ ਹਾਂ (ਮੈਨੂੰ ਇਹ ਫ਼ਖ਼ਰ ਹੈ ਕਿ ਤੂੰ ਮੇਰੇ ਸਿਰ ਤੇ ਹੈਂ), ਮੈਂ ਤੇਰਾ (ਹੀ) ਆਸਰਾ ਰੱਖਦਾ ਹਾਂ। ਮੈਂ ਜਾਣਦਾ ਹਾਂ ਕਿ ਤੂੰ ਮੇਰਾ ਆਪਣਾ ਹੈਂ। ਤੂੰ ਸਭ ਜੀਵਾਂ ਦੇ ਅੰਦਰ ਵੱਸਦਾ ਹੈਂ ਤੇ ਸਭਨਾਂ ਤੋਂ ਬਾਹਰ ਵੀ ਹੈਂ। (ਨਿਰਲੇਪ ਵੀ ਹੈਂ) ੨ ॥

ਪਿਤਾ ਹਉ ਜਾਨਹੁ ਨਾਹੀ
ਤੇਰੀ ਕਵਨ ਜੁਗਤਾ ॥
ਬੰਧਨ ਮੁਕਤੁ ਸੰਤਹੁ
ਮੇਰੀ ਰਾਖੈ ਮਮਤਾ ॥੩॥

ਹੇ ਪਿਤਾ ਪ੍ਰਭੂ ! ਮੈਨੂੰ ਪਤਾ ਨਹੀਂ ਕਿ ਤੈਨੂੰ ਪ੍ਰਸੰਨ ਕਰਨ ਦਾ ਕਿਹੜਾ ਤਰੀਕਾ ਹੈ। ਹੇ ਸੰਤ ਜਨੋ ! ਪਿਤਾ ਪ੍ਰਭੂ ਮੈਨੂੰ ਮਾਇਆ ਦੇ ਬੰਧਨਾਂ ਤੋਂ ਅਜ਼ਾਦ ਕਰਨ ਵਾਲਾ ਹੈ। ਉਹ ਮੈਨੂੰ ਆਪਣਾ ਜਾਣਦਾ ਹੈ। ੩ ॥

ਭਏ ਕਿਰਪਾਲ ਠਾਕੁਰ
ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ
ਪਾਰਬ੍ਰਹਮੁ ਪਛਾਣਾ ॥੪॥੨੭॥੯੭॥
ਪੰਨਾ ੫੧-੫੨

ਹੇ ਨਾਨਕ ! ਪਾਲਣਹਾਰ ਪ੍ਰਭੂ ਜੀ ਜਿਸ ਮਨੁੱਖ ਉਤੇ ਦਇਆਵਾਨ ਹੁੰਦੇ ਹਨ, ਉਸ ਦਾ ਜਨਮ ਮਰਨ ਦੇ ਗੇੜ ਮੁੱਕ ਜਾਂਦਾ ਹੈ।

ਗੁਰੂ ਨੂੰ ਮਿਲ ਕੇ ਹੀ ਉਹ ਮਨੁੱਖ ਉਸ ਬੇਅੰਤ ਪ੍ਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ।

*ਪੁਸਤਕ 'ਨਮੋ' ਗੀਤ ਗੀਤੇ' ਵਿਚੋਂ ਧੰਨਵਾਦ ਸਹਿਤ*